# ECHO OF HIS CALL

PUNJABI

ਬੁਲਾਵੇ ਦੀ ਗਜ

₹ 10/-

India's National Spiritual Newspaper

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAN

Editor : S. SAM SELVA RAJ | 16 Languages | Associate Editor : Bro. Ashish Ramesh Baldhari

VOL. XXII | YEAR OF OUR LORD JESUS CHRIST, MAY 2022 | No. 12


ਪਵਿੱਤਰ ਬਾਈਬਲ

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

**PRAISE THE LORD**

ਕਹਾਉਤਾਂ 22:1-10

1. ਵੱਡੇ ਧਨ ਨਾਲੋਂ ਨੇਕ ਨਾਮੀ ਚੁਣਨੀ ਚਾਹੀਦੀ ਹੈ ਅਤੇ ਸੋਨੇ ਚਾਂਦੀ ਨਾਲੋਂ ਕਿਰਪਾ ਚੰਗੀ ਹੈ।
2. ਧਨੀ ਅਤੇ ਦੀਨ ਇੱਕ ਦੂਜੇ ਨਾਲ ਮਿਲਦੇ ਹਨ ਉਨ੍ਹਾਂ ਸਭਨਾ ਦਾ ਕਰਤਾ ਯਹੋਵਾਹ ਹੈ।
3. ਸਿਆਣਾ ਤਾਂ ਬਿਪਤਾ ਨੂੰ ਵੇਖ ਕੇ ਲੁਕ ਜਾਂਦਾ ਹੈ ਪਰ ਭੋਲੇ ਅਗਾਹਾਂ ਵਧ ਕੇ ਕਸ਼ਟ ਭੋਗਦੇ ਹਨ।
4. ਅਧੀਨਗੀ ਅਤੇ ਯਹੋਵਾਹ ਦਾ ਭੈ ਮੰਨਣ ਦਾ ਫਲ ਧਨ, ਆਦਰ ਅਤੇ ਜੀਊਣ ਹੈ।
5. ਟੇਢਿਆਂ ਦੇ ਰਾਹ ਵਿੱਚ ਕੰਡੇ ਅਤੇ ਫਾਹੀਆਂ ਹੁੰਦੀਆਂ ਹਨ ਜਿਹੜਾ ਆਪਣੀ ਜਾਨ ਦੀ ਰੱਛਿਆ ਕਰਦਾ ਹੈ ਉਹ ਉਨ੍ਹਾਂ ਤੋਂ ਲਾਂਭੇ ਰਹਿੰਦਾ ਹੈ।
6. ਬਾਲਕ ਨੂੰ ਉਹ ਦਾ ਠਕਿ ਮਾਰਗ ਸਿਖਲਾ ਤਾਂ ਉਹ ਵੱਡਾ ਹੋ ਕੇ ਵੀ ਉਸ ਤੋਂ ਕਦੀ ਨਾ ਹਟੇਗਾ।
7. ਧਨਵਾਦ ਦੀਨਾਂ ਉੱਤੇ ਹੁਕਮ ਚਲਾਉਂਦਾ ਹੈ ਅਤੇ ਉਧਾਰ ਲੈਣ ਵਾਲਾ ਉਧਾਰ ਦੇਣ ਵਾਲੇ ਦਾ ਦਾਸ ਹੁੰਦਾ ਹੈ।
8. ਜਿਹੜਾ ਸ਼ਰਾਰਤ ਬੀਜਦਾ ਹੈ ਉਹ ਬਿਪਤਾ ਹੀ ਵੱਢੇਗਾ ਅਤੇ ਉਹ ਦੇ ਕਹਿਰ ਦੀ ਲਾਠੀ ਟੁੱਟ ਜਾਵੇਗੀ।
9. ਜਿਹੜਾ ਭਲਿਆਈ ਦੀ ਨਿਗਾਹ ਕਰਦਾ ਹੈ ਉਹ ਮੁਬਾਰਕ ਹੈ ਕਿਉਂ ਜੋ ਉਹ ਗਰੀਬ ਨੂੰ ਆਪਣੀ ਰੋਟੀ ਵਿੱਚੋਂ ਦਿੰਦਾ ਹੈ।
10. ਮਖੌਲੀਏ ਨੂੰ ਕੱਢ ਦੇ ਤਾਂ ਬਖੇੜਾ ਮੁੱਕ ਜਾਵੇਗਾ ਨਾਲੇ ਝਗੜਾ ਅਰ ਨਮੋਸ਼ੀ ਮਿਟ ਜਾਵੇਗੀ।



# ਕੀ ਅਸੀਂ ਆਖ਼ਰੀ ਦਿਨਾਂ ਵਿੱਚ ਰਹਿ ਰਹੇ ਹਾਂ?

## ARE WE LIVE IN THE LAST DAYS?

ਬ੍ਰ. ਐੱਮ. ਪੌਲਰਾਜ

ਦੁਨੀਆ ਹੁਣ ਰੂਸ ਅਤੇ ਉਸ ਦੇ ਗੁਆਂਢੀ ਦੇਸ਼ ਯੂਕਰੇਨ ਵਿਚਕਾਰ ਜੰਗ ਕਾਰਨ ਵੰਡੀ ਗਈ ਹੈ। ਇਹ ਜੰਗ 24 ਫਰਵਰੀ, 2022 ਨੂੰ ਸ਼ੁਰੂ ਹੋਈ ਸੀ ਅਤੇ ਹਾਲੇ ਵੀ ਲਗਾਤਾਰ ਜਾਰੀ ਹੈ, ਕੇਵਲ 5 ਮਾਰਚ, 2022 ਨੂੰ ਵਿਦੇਸ਼ਾਂ ਦੇ ਵਿਦਿਆਰਥੀਆਂ ਨੂੰ ਕੱਢਣ ਲਈ ਇਸਨੂੰ 7 ਘੰਟੇ ਲਈ ਰੋਕਿਆ ਗਿਆ ਸੀ। ਰੂਸ ਨੇ ਪਹਿਲੇ ਦਿਨ ਯੂਕਰੇਨ 'ਤੇ ਹਮਲਾ ਕੀਤਾ ਪਰ ਉਸ ਨੂੰ ਯੂਕਰੇਨ ਤੋਂ ਸਖਤ ਵਿਰੋਧ ਮਿਲਿਆ। ਹੁਣ ਇਹ ਜੰਗ 21 ਮਾਰਚ 2022 ਨੂੰ 26ਵੇਂ ਦਿਨ ਵਿੱਚ ਪਹੁੰਚ ਗਈ ਹੈ। ਹਾਲਾਂਕਿ ਯੂਕਰੇਨ ਮਿੱਤਰ ਦੇਸ਼ਾਂ ਤੋਂ ਹਥਿਆਰ ਲੈ ਕੈ ਰੂਸ ਦਾ ਸਖ਼ਤ ਵਿਰੋਧ ਕਰ ਰਿਹਾ ਹੈ ਪਰ ਰੂਸ ਦਾ ਕੋਈ ਮੁਕਾਬਲਾ ਨਹੀਂ। ਰੂਸ ਦੇ ਗੁੱਸੇ ਦਾ ਕਾਰਨ ਸੀ ਕਿ ਯੂਕਰੇਨ ਯੂਰਪੀਅਨ ਯੂਨੀਅਨ ਅਤੇ ਨਾਟੋ ਵਿੱਚ ਸ਼ਾਮਲ ਹੋਣ ਦੀ ਯੋਜਨਾ ਬਣਾ ਰਿਹਾ ਸੀ ਅਤੇ ਇਸ ਨਾਲ ਨਾਟੋ ਫੌਜਾਂ ਸਿੱਧੇ ਰੂਸ ਦੀਆਂ ਸਰਹੱਦਾਂ ਅੰਦਰ ਪਹੁੰਚ ਸਕਦੀਆਂ ਹਨ! ਬਹੁਤ ਸਾਰੇ ਯੂਰਪੀਅਨ ਦੇਸ਼ ਰੂਸ ਦੇ ਨਾਲ ਲਗਦੇ ਹਨ। ਰੂਸ ਦਾ ਡਰ ਬੇਬੁਨਿਆਦ ਹੈ। ਇੱਕ ਪ੍ਰਭੂਸੱਤਾ ਸੰਪੰਨ ਦੇਸ਼ ਹੋਣ ਦੇ ਨਾਤੇ, ਯੂਕਰੇਨ ਨੂੰ ਆਪਣੀ ਪਸੰਦ ਦੀ ਚੋਣ ਕਰਨ ਦਾ ਪੂਰਾ ਅਧਿਕਾਰ ਹੈ। ਯੁੱਧ ਰੂਸ ਦੀ ਪੂਰੀ ਹਉਮੈ ਤੋਂ ਬਾਹਰ ਹੈ! ਦੁਨੀਆ ਦੇ ਦੇਸ਼ਾਂ ਖਾਸ ਤੌਰ 'ਤੇ ਅਮਰੀਕਾ ਅਤੇ ਪੱਛਮੀ ਦੇਸ਼ਾਂ ਨੇ ਰੂਸ ਦੇ ਹਮਲੇ ਦੀ ਨਿੰਦਾ ਕੀਤੀ ਹੈ ਅਤੇ ਇਸ ਦੇ ਖਿਲਾਫ ਕਈ ਪਾਬੰਦੀਆਂ ਦਾ ਐਲਾਨ ਕੀਤਾ ਹੈ। ਬ੍ਰਿਟੇਨ ਅਤੇ ਜਰਮਨੀ ਵਰਗੇ ਕੁਝ ਯੂਰਪੀਅਨ ਦੇਸ਼ਾਂ ਨੇ ਯੂਕਰੇਨ ਨੂੰ ਹਥਿਆਰਾਂ ਦੀ ਸਪਲਾਈ ਕੀਤੀ। ਰਾਸ਼ਟਰਪਤੀ ਜੋਅ ਬਿਡੇਨ ਦਾ ਕਹਿਣਾ ਹੈ ਕਿ ਨਾਟੋ ਦੇਸ਼ ਸਿੱਧੀ ਕਾਰਵਾਈ ਤੋਂ ਪਰਹੇਜ਼ ਕਰਨ ਕਿਉਂਕਿ ਇਹ ਤੀਸਰੇ ਵਿਸ਼ਵ ਯੁੱਧ ਦਾ ਕਾਰਨ ਬਣ ਸਕਦਾ ਹੈ। ਅਜਿਹਾ ਹੋ ਸਕਦਾ ਹੈ, ਪਰ ਸਥਿਤੀਆਂ ਦਾ ਜਾਇਜ਼ਾ ਲੈਣ ਲਈ ਸੰਯੁਕਤ ਰਾਜ ਅਮਰੀਕਾ ਅਤੇ ਕੁਝ ਯੂਰਪੀਅਨ ਯੂਨੀਅਨ ਦੇ ਦੇਸ਼ਾਂ ਦੇ ਰਾਜਾਂ ਦੇ ਮੁਖੀ ਇੱਕ ਜਾਂ ਦੋ ਦਿਨਾਂ ਵਿੱਚ ਬ੍ਰਸੇਲਜ਼ ਵਿੱਚ ਮੁਲਾਕਾਤ ਕਰਕੇ ਸਥਿਤੀਆਂ, ਧਾਰਨਾਵਾਂ ਨੂੰ ਵੇਖ ਕੇ ਫੈਸਲੇ ਲੈਣਗੇ। ਰੂਸੀਆਂ ਨੇ ਪੂਰੀ ਤਾਕਤ ਨਾਲ ਯੂਕਰੇਨ ਦੇ ਸ਼ਹਿਰਾਂ 'ਤੇ ਹਮਲਾ ਕੀਤਾ! ਉਹ ਸੁਪਰਸੋਨਿਕ ਜੰਗੀ ਜਹਾਜ਼ਾਂ ਦੀ ਵਰਤੋਂ ਕਰਦੇ ਹਨ ਅਤੇ ਆਧੁਨਿਕ ਬੰਬਾਂ ਨਾਲ ਯੂਕਰੇਨ ਨੂੰ ਨਿਸ਼ਾਨਾ ਬਣਾਉਂਦੇ ਹਨ। ਹੁਣ ਲਗਦਾ ਹੈ ਕਿ ਰੂਸ ਜੰਗ ਨੂੰ ਰੋਕਣ ਲਈ ਵਿਸ਼ਵ ਜਾਂ ਅੰਤਰਰਾਸ਼ਟਰੀ ਅਦਾਲਤ ਦੀ ਆਵਾਜ਼ ਸੁਣਨ ਲਈ ਰਾਜ਼ੀ ਨਹੀਂ ਹੈ।

ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਨਸਕੀ ਜੋ ਕਿ ਇੱਕ ਕਾਮੇਡੀਅਨ ਤੋਂ ਸਿਆਸਤਦਾਨ ਬਣੇ ਹਨ, ਇੱਕ ਨਾਇਕ ਵਜੋਂ ਯੁੱਧ ਲੜ੍ਹ ਰਹੇ ਹਨ ਅਤੇ ਯੂਕਰੇਨ ਦੇ ਸਾਰੇ ਲੋਕ ਉਸਦੇ ਪਿੱਛੇ ਖੜੇ ਹਨ। ਉਨ੍ਹਾਂ ਇਜ਼ਰਾਈਲੀ ਸੰਸਦ ਨੂੰ ਆਪਣੇ ਹਾਲ ਹੀ ਦੇ ਸੰਬੋਧਨ ਵਿੱਚ ਦਾਅਵਾ ਕੀਤਾ ਕਿ ਉਹ ਯਹੂਦੀਆਂ ਦੇ ਵੰਸ਼ਜ ਹਨ ਅਤੇ ਉਨ੍ਹਾਂ ਦਾ ਸਮਰਥਨ ਕਰਨ ਲਈ ਕਿਹਾ ਹੈ।

ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੱਦੇ 'ਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨਫਤਾਲੀ ਬੇਨੇਟ 2 ਅਪ੍ਰੈਲ, 2022 ਨੂੰ ਭਾਰਤ ਦੌਰੇ 'ਤੇ ਆਉਣ ਵਾਲੇ ਹਨ। ਇਸ ਲਈ ਇਜ਼ਰਾਈਲ ਜੰਗ ਦੀਆਂ ਤਿਆਰੀਆਂ ਵਿੱਚ ਨਹੀਂ ਹੈ। ਭਾਰਤ ਰੂਸ ਅਤੇ ਯੂਕਰੇਨ ਦੀ ਜੰਗ ਵਿੱਚ ਨਿਰਪੱਖ ਸਥਿਤੀ ਵਿੱਚ ਹੈ। ਹਾਲਾਂਕਿ ਭਾਰਤ ਯੂਕਰੇਨ ਨੂੰ ਮਾਨਵੀ ਸਹਾਇਤਾ ਪ੍ਰਦਾਨ ਕਰਦਾ ਹੈ।

(ਚਲਦਾ ਸਫ਼ਾ 3-)

# ECHO OF HIS CALL - (1969-2019 GOLDEN JUBILEE YEAR)

## *from your dearly beloved brother...*





### ਸਾਡੀ ਮਿਸ਼ਨ ਨੀਤੀ

ਸਾਨੂੰ ਵਰਤਮਾਨ ਨੌਜਵਾਨ ਪੀੜ੍ਹੀ ਨੂੰਮਿਲਾਵਟ ਰਹਿਤ ਬਾਈਬਲ ਦੀਆਂਸਿੱਖਿਆਵਾਂ ਅਤੇ ਅਰੰਭਕ ਰਸੂਲਾਂ ਦੀਆਂ ਸਿੱਖਿਆਵਾਂ ਸਿਖਾਉਣ ਦੀ ਲੋੜ ਹੈ। ਇਹੀ ਇਸ ਸਮੇਂ ਦੀ ਮੰਗ ਹੈ


**CHIEF EDITOR**

Angeline Selvakumari Henry, M.A., M.Ed.

**MANAGING EDITOR**

Pastor Alex Samson Sam, B.Th., M.Div.

**ADMINISTRATION**

Bro. N. Prakasam, M.A., General Manager

**EDITORIAL BOARD**

Sis. Jesy Veena Sam
Bro. M. Paulraj, M.A., B.Ed.
Sis. Serena Bevin, M.A., M.Phil., B.Ed.

**EDITOR, PUBLISHER & PRINTER**

Pastor S. SAM SELVA RAJ
Echo of His Call Printers
10, Mohammed Abdullah 2nd Street,
Chepauk, Chennai- 600 005, India.
Phone : (+ 91- 44) 2852 8282, 2852 9293, 2854 7766
Cell : (+91) 98410 71852, 95661 31858

**E.mail ID**

sam@echoofhiscall.org
biblecor@yahoo.co.in

**WEBSITES**

www.echoofhiscall.org
www.stpaulsmatriculation.com

**YOUTUBE CHANNEL**

Echo of His Call


> "ਯਹੋਵਾਹ ਦਾ ਸੱਜਾ ਹੱਥ ਉੱਚਾ ਹੋਇਆ ਹੈ; ਯਹੋਵਾਹ ਦਾ ਸੱਜਾ ਹੱਥ ਸੂਰਮਗਤੀ ਕਰਦਾ ਹੈ" - (ਜ਼ਬੂਰ 118:16)

ਯਿਸੂ ਮਸੀਹ ਵਿੱਚ ਪਿਆਰੇ ਮਿੱਤਰੋ,

ਅਸੀਂ ਤੁਹਾਨੂੰ ਸਾਡੇ ਪ੍ਰਭੂ ਅਤੇ ਮੁਕਤੀਦਾਤਾ ਯਿਸੂ ਮਸੀਹ ਦੇ ਨਾਮ ਵਿੱਚ ਸ਼ੁਭਕਾਮਨਾਵਾਂ ਦਿੰਦੇ ਹਾਂ। ਤੁਹਾਡੀਆਂ ਪ੍ਰਾਰਥਨਾਵਾਂ ਅਤੇ ਤੁਹਾਡਾ ਸਹਿਯੋਗ ਸਾਨੂੰ ਦਿਨ ਪ੍ਰਤੀ ਦਿਨ ਉਚਾਈਆਂ 'ਤੇ ਲਿਜਾ ਰਹੇ ਹਨ। ਇਸ ਲਈ ਅਸੀਂ ਤੁਹਾਡੇ ਲਈ ਪ੍ਰਾਰਥਨਾ ਕਰਨ ਲਈ ਪਾਬੰਦ ਹਾਂ। ਤੁਹਾਨੂੰ "ਧੰਨਵਾਦ" ਆਖਣ ਨੂੰ ਅਸੀਂ ਇੱਕ ਸਨਮਾਨ ਮੰਨਦੇ ਹਾਂ।

ਮਈ ਦੇ ਮਹੀਨੇ ਵਿੱਚ, ਭਾਰਤ ਵਿੱਚ ਬੱਚੇ ਅਤੇ ਨੌਜਵਾਨ ਸਕੂਲਾਂ ਅਤੇ ਕਾਲਜਾਂ ਦੁਆਰਾ ਦਿੱਤੀਆਂ ਜਾਂਦੀਆਂ ਛੁੱਟੀਆਂ ਦਾ ਆਨੰਦ ਮਾਣਦੇ ਹਨ। ਇਹਨਾਂ ਛੁੱਟੀਆਂ ਦੌਰਾਨ ਦੁਨਿਆਵੀ ਕੰਮਾਂ ਵਿੱਚ ਸਮਾਂ ਬਰਬਾਦ ਨਾ ਕਰੋ ਪਰ ਅਸੀਂ ਤੁਹਾਨੂੰ ਅਤੇ ਤੁਹਾਡੇ ਬੱਚਿਆਂ ਨੂੰ ਪ੍ਰਭੂ ਲਈ ਕੁਝ ਲਾਭਦਾਇਕ ਕਰਨ ਲਈ ਅੱਗੇ ਆਉਣ ਲਈ ਪ੍ਰੇਰਿਤ ਕਰਦੇ ਹਾਂ। ਤੁਸੀਂ ਆਪਣੀਆਂ ਚਰਚ ਦੀਆਂ ਵਿਸ਼ੇਸ਼ ਸੇਵਾਵਾਂ ਵਿੱਚ ਹਿੱਸਾ ਲੈ ਸਕਦੇ ਹੋ ਅਤੇ ਆਪਣੇ ਚਰਚ ਵਿੱਚ ਰੱਖ-ਰਖਾਅ ਦੇ ਕੰਮ ਵਿੱਚ ਮਦਦ ਕਰ ਸਕਦੇ ਹੋ ਅਰ ਪਰਮੇਸ਼ੁਰ ਨੂੰ ਪ੍ਰਸੰਨ ਕਰ ਸਕਦੇ ਹੋ। ਜੇਕਰ ਤੁਸੀਂ ਅਜਿਹਾ ਕੰਮ ਕਰੋਗੇ ਤਾਂ ਪ੍ਰਮੇਸ਼ਵਰ ਤੁਹਾਡੇ ਪਰਿਵਾਰਾਂ ਨੂੰ ਬਰਕਤ ਦੇਵੇਗਾ। ਪ੍ਰਭੂ ਨੇ ਤੁਹਾਡੇ ਅਤੇ ਤੁਹਾਡੇ ਪਰਿਵਾਰਾਂ ਲਈ ਕਈ ਭਲੇ ਕੰਮ ਕੀਤੇ ਹਨ। ਉਨ੍ਹਾਂ ਭਲਿਆਈਆਂ ਨੂੰ ਨਾ ਭੁੱਲੋ।

ਅਸੀਂ ਪ੍ਰਮੇਸ਼ਵਰ ਦੇ ਸੇਵਕ ਵੀ ਖੁਸ਼ੀ ਨਾਲ ਅਤੇ ਬਹੁਤ ਪ੍ਰੇਰਨਾ ਨਾਲ ਪ੍ਰਭੂ ਦੇ ਕੰਮਾਂ ਵਿੱਚ ਸ਼ਾਮਲ ਹੁੰਦੇ ਹਾਂ। ਅਸੀਂ ਇੰਗਲਿਸ਼ ਹਾਈ ਸਕੂਲ, ਤਮਿਲ ਈਵਨਿੰਗ ਬਾਈਬਲ ਕਾਲਜ, ਹਿੰਦੀ ਔਨਲਾਈਨ ਬਾਈਬਲ ਕਲਾਸਾਂ ਦੇ ਨਾਲ-ਨਾਲ ਅੰਗਰੇਜ਼ੀ ਅਤੇ ਤਾਮਿਲ ਵਿਚ ਦੂਰੀ ਸਿੱਖਿਆ ਦੇ ਕੋਰਸ 16 ਭਾਸ਼ਾਵਾਂ ਵਿੱਚ ਬੁਲਾਵੇ ਦੀ ਗੂੰਜ ਮੈਗਜ਼ੀਨ ਦੇ ਰਾਹੀਂ ਬਹੁਤ ਪ੍ਰਭਾਵਸ਼ਾਲੀ ਅਤੇ ਸਫਲਤਾਪੂਰਵਕ ਕੰਮ ਕਰ ਰਹੇ ਹਨ। ਸਾਡੀਆਂ ਹੋਰ ਵੀ ਵਧ ਚੁੱਕੀਆਂ ਚਰਚ ਸੇਵਾਵਾਂ ਅਤੇ ਹਿੰਦੀ ਰਿਹਾਇਸ਼ੀ ਬਾਈਬਲ ਕਾਲਜ ਅਗਲੇ ਮਹੀਨੇ ਤੋਂ ਕੰਮ ਕਰਨਾ ਸ਼ੁਰੂ ਕਰ ਦੇਣਗੇ। ਇਹਨਾਂ ਸਾਰੀਆਂ ਗਤੀਵਿਧੀਆਂ ਨੂੰ ਸਹੀ ਢੰਗ ਨਾਲ ਚਲਾਉਣ ਲਈ ਸਾਨੂੰ ਤੁਹਾਡੀਆਂ ਦੁਆਵਾਂ ਦੀ ਲੋੜ ਹੈ।

ਤੁਹਾਡੇ ਵਿੱਚੋਂ ਬਹੁਤੇ ਸਾਡੀਆਂ ਲੋੜਾਂ ਨੂੰ ਸਮਝਦੇ ਹਨ ਅਤੇ ਸਾਡੇ ਵੱਲੋਂ ਤੁਹਾਨੂੰ ਆਖਣ ਤੋਂ ਪਹਿਲਾਂ ਹੀ, ਬੈਂਕ ਟ੍ਰਾਂਸਫਰ, GPay, ਮਨੀ ਆਰਡਰ, ਚੈੱਕ ਅਤੇ ਡਿਮਾਂਡ ਡਰਾਫਟ ਰਾਹੀਂ ਆਪਣੇ ਅਨੁਦਾਨ ਭੇਜ ਦਿੰਦੇ ਹਨ। ਅਸੀਂ ਉਤਸ਼ਾਹਿਤ ਹਾਂ ਅਤੇ ਅਸੀਂ ਤੁਹਾਨੂੰ ਸਾਡੇ ਸਰਬਸ਼ਕਤੀਮਾਨ ਪਰਮੇਸ਼ੁਰ ਯਿਸੂ ਮਸੀਹ ਦੇ ਨਾਮ ਵਿੱਚ ਅਸੀਸ ਦਿੰਦੇ ਹਾਂ। ਭਲਿਆਈ ਅਤੇ ਦਇਆ ਤੁਹਾਡੇ ਨਾਲ ਬਣੀ ਰਹੇ!

ਸਾਡੇ ਵਿੱਚੋਂ ਕੁਝ ਅਤੇ ਸਾਡੇ ਪਰਿਵਾਰਕ ਮੈਂਬਰਾਂ ਵਿੱਚੋਂ ਕੁਝ ਆਪਣੇ ਸਰੀਰ ਵਿੱਚ ਕਮਜ਼ੋਰ ਮਹਿਸੂਸ ਕਰ ਰਹੇ ਹਨ। ਖ਼ਾਸਕਰ, ਭਰਾ ਪੌਲਰਾਜ ਅਤੇ ਪਾਸਟਰ ਮੁੱਥੂ ਦੀ ਪੂਰੀ ਚੰਗਾਈ ਲਈ ਦਿਲੋਂ ਪ੍ਰਾਰਥਨਾ ਕਰੋ।

ਅਸੀਂ ਤੁਹਾਨੂੰ ਪਿਆਰ ਕਰਦੇ ਹਾਂ ਅਤੇ ਤੁਹਾਡੇ ਲਈ ਦਿਲੋਂ ਪ੍ਰਾਰਥਨਾ ਕਰਦੇ ਹਾਂ। ਅਸੀਂ ਤੁਹਾਡੀਆਂ ਚਿੱਠੀਆਂ, ਈ-ਮੇਲਾਂ, ਟੈਲੀਫੋਨ ਕਾਲਾਂ ਅਤੇ ਹੋਰ ਸਾਰੇ ਸਮਰਥਨ ਅਤੇ ਮਦਦ ਲਈ ਤੁਹਾਡਾ ਧੰਨਵਾਦ ਕਰਦੇ ਹਾਂ। ਅਸੀਂ ਪਰਮੇਸ਼ੁਰ ਅੱਗੇ ਤੁਹਾਡੀਆਂ ਸਾਰੀਆਂ ਬੇਨਤੀਆਂ ਅਤੇ ਅਰਜ਼ੋਈਆਂ ਰੱਖਦੇ ਹਾਂ।

ਪ੍ਰਮੇਸ਼ਵਰ ਦੀ ਕਿਰਪਾ ਤੁਹਾਡੇ ਨਾਲ ਬਣੀ ਰਹੇ! ਆਮੀਨ।

ਪ੍ਰਭੂ ਯਿਸੂ ਵਿੱਚ ਤੁਹਾਡੇ ਭਰਾ ਅਰ ਸੇਵਕ,

ਪਾ: ਐੱਸ. ਸੈਮ ਸੇਲਵਾ ਰਾਜ ਅਲੈਕਸ ਸੈਮਸਨ ਸੈਮ।

(+91) 98412 71858 / 98410 71858, E.mail : samselvaraj333@gmail.com

**Our Ministries:** ECHO OF HIS CALL Monthly Magazines (16 languages) ✿ BIBLECOR - Postal Courses (3 languages) ✿ Online Courses ✿ Theological Correspondence Courses (2 languages) ✿ Church Planting ✿ Nehemiah Bible Colleges ✿ Gospel Printing Press ✿ Great Commission Partners ✿ St. Paul's Matriculation School ✿ Crusades ✿ Community Development

(ਚਲਦਾ ਸਫਾ 1 ਤੋਂ)

ਜੰਗ ਜਿਵੇਂ-ਜਿਵੇਂ 26ਵੇਂ ਦਿਨ 'ਚ ਦਾਖਲ ਹੋ ਚੁੱਕੀ ਹੈ ਇਸ ਦੇ ਵਿਸ਼ਵ ਯੁੱਧ 'ਚ ਬਦਲਣ ਦੀ ਪੂਰੀ ਸੰਭਾਵਨਾ ਹੈ। ਉਸ ਸਥਿਤੀ ਵਿੱਚ ਰੂਸ ਨੂੰ ਆਪਣੇ ਪ੍ਰਮੁੱਖ ਦੁਸ਼ਮਣ ਇਜ਼ਰਾਈਲ ਨਾਲ ਮੁਕਾਬਲਾ ਕਰਨਾ ਪਵੇਗਾ! ਇਹ ਤੀਸਰਾ ਵਿਸ਼ਵ ਯੁੱਧ ਹੋ ਸਕਦਾ ਹੈ। ਜ਼ੇਲੇਨਸਕੀ ਦੇ ਅਨੁਸਾਰ, ਇਜ਼ਰਾਈਲ ਕੋਲ ਕਿਸੇ ਵੀ ਦੇਸ਼ ਜਾਂ ਦੇਸ਼ਾਂ ਨਾਲ ਲੜਨ ਦੀ ਫੌਜੀ ਤਾਕਤ ਹੈ। ਜੇਕਰ ਇਜ਼ਰਾਈਲ 'ਤੇ ਹਮਲਾ ਕੀਤਾ ਜਾਂਦਾ ਹੈ, ਤਾਂ ਕੋਈ ਨਹੀਂ ਜਾਣਦਾ ਕਿ ਆਉਣ ਵਾਲੇ ਦਿਨਾਂ ਵਿੱਚ ਚੀਜ਼ਾਂ ਕਿਵੇਂ ਮੋੜ ਲੈਣਗੀਆਂ।

ਪਵਿੱਤਰ ਬਾਈਬਲ ਦੇ ਅਨੁਸਾਰ, ਹਰਮਗਿੱਦੋਨ ਯੁੱਧ ਤੋਂ ਪਹਿਲਾਂ, ਰੂਸ ਇਜ਼ਰਾਈਲ ਦੇ ਵਿਰੁੱਧ ਆ ਜਾਵੇਗਾ। ਇਜ਼ਰਾਈਲ ਯੁੱਧ ਜਿੱਤ ਜਾਵੇਗਾ ਅਤੇ ਇਜ਼ਰਾਈਲ ਦੇ ਲੋਕ 7 ਸਾਲਾਂ ਲਈ ਜੰਗੀ ਮਸ਼ੀਨਾਂ ਦੇ ਬਚੇ ਹੋਏ ਬਾਲਣ ਦੀ ਲੱਕੜ ਵਜੋਂ ਵਰਤੋਂ ਕਰਨਗੇ! ਅੱਜ-ਕੱਲ੍ਹ ਰੂਸ ਜੰਗੀ ਜਹਾਜ਼ ਬਣਾਉਣ ਲਈ ਨਾਰਵੇ ਦੀ ਇਕ ਵਿਸ਼ੇਸ਼ ਕਿਸਮ ਦੀ ਲੱਕੜ ਦੀ ਵਰਤੋਂ ਕਰ ਰਿਹਾ ਹੈ ਜੋ 7 ਗੁਣਾ ਮਜ਼ਬੂਤ, ਪਰ ਭਾਰ ਵਿਚ ਘੱਟ ਹੈ (ਹਿਜ਼ਕੀਏਲ ਅਧਿਆਇ 38 ਅਤੇ 39)। ਪਰ ਅਸੀਂ ਜਾਣਦੇ ਹਾਂ ਸਭ ਕੁਝ ਪ੍ਰਮੇਸ਼ਵਰ ਦੀ ਇੱਛਾ ਅਨੁਸਾਰ ਹੋਵੇਗਾ! ਆਉ ਦੁਨੀਆਂ ਦੇ ਲੋਕਾਂ ਦੀ ਸੁਰੱਖਿਆ ਲਈ ਪ੍ਰਾਰਥਨਾ ਕਰੀਏ!

ਭਾਵੇਂ ਮੌਜੂਦਾ ਯੁੱਧ ਆਪਣੇ ਤਰਕਪੂਰਣ ਅੰਤ ਤੱਕ ਪਹੁੰਚ ਜਾਵੇ, ਪਰਕਾਸ਼ ਦੀ ਪੋਥੀ ਵਿੱਚ ਪਹਿਲਾਂ ਹੀ ਨਿਰਧਾਰਤ ਕੀਤੀ ਗਈ ਪ੍ਰਮੇਸ਼ਵਰ ਦੀ ਯੋਜਨਾ ਜਿੱਥੇ ਸੱਤ ਮੋਹਰਾਂ ਨੂੰ ਤੋੜਨਾ, ਸੱਤ ਤੁਰ੍ਹੀਆਂ ਵਜਾਉਣਾ ਅਤੇ ਸੱਤ ਕਟੋਰਿਆਂ ਦਾ ਉੱਡੇਲਿਆ ਜਾਣਾ ਪ੍ਰਭੂ ਦੀ ਯੋਜਨਾ ਅਨੁਸਾਰ ਹੋਵੇਗਾ।ਅਸੀਂ ਪਹਿਲੀਆਂ ਚਾਰ ਮੋਹਰਾਂ ਦੇ ਖੁੱਲਣ ਦੇ ਨਤੀਜੇ ਭੁਗਤ ਰਹੇ ਹਾਂ। ਪੰਜਵੀਂ ਮੋਹਰ ਦਾ ਖੁੱਲਣਾ ਸੱਤ ਸਾਲਾਂ ਦੀ ਬਿਪਤਾ ਦੇ ਪਹਿਲੇ ਅੱਧ ਦੌਰਾਨ ਹੋਵੇਗਾ ਕਿਉਂਕਿ ਉਹ ਉਸ ਸਮੇਂ ਵਿੱਚ ਸ਼ਹੀਦ ਹੋਣਗੇ। ਮੈਂ ਪੂਰੀ ਤਰਾਂ ਮਹਿਸੂਸ ਕਰਦਾ ਹਾਂ ਕਿ ਹੁਣ ਅਸੀਂ ਪਹਿਲੀਆਂ ਚਾਰ ਮੋਹਰਾਂ ਦੇ ਟੁੱਟਣ ਦੇ ਦਿਨਾਂ ਵਿੱਚ ਜੀ ਰਹੇ ਹਾਂ ਜਿਸ ਲਈ ਅਸੀਂ ਸੰਸਾਰ ਅਤੇ ਕੁਦਰਤ ਵਿੱਚ ਹੋਣ ਵਾਲੇ ਚਿੰਨ੍ਹ ਅਤੇ ਅਚੰਭੇ ਦੇਖਦੇ ਹਾਂ। ਰੂਸ ਅਤੇ ਯੂਕਰੇਨ ਵਿਚਕਾਰ ਮੌਜੂਦਾ ਯੁੱਧ ਮੋਹਰਾਂ ਦੇ ਖੁੱਲਣ ਦੇ ਅਨੁਸਾਰ ਹੈ। ਯਿਸੂ ਮਸੀਹ ਨੇ ਵੀ ਇਹ ਗੱਲਾਂ ਪਵਿੱਤਰ ਬਾਈਬਲ ਵਿੱਚ ਮੱਤੀ ਦੇ 24ਵੇਂ ਅਧਿਆਏ ਵਿੱਚ ਕਹੀਆਂ ਹਨ।

ਸੰਸਾਰ ਦੇ ਅੰਤ ਅਤੇ ਉਸਦੇ ਆਉਣ ਨੂੰ ਯਿਸੂ ਨੇ ਨੂਹ ਦੇ ਦਿਨਾਂ ਦੇ ਸਮਾਨ ਦੱਸਿਆ ਹੈ। ਪ੍ਰਮੇਸ਼ਵਰ ਨੇ ਨੂਹ ਨੂੰ ਸਿਰਫ ਉਸਦੇ ਅਤੇ ਉਸਦੇ ਪਰਿਵਾਰ ਦੇ ਰਹਿਣ ਲਈ ਇੱਕ ਕਿਸ਼ਤੀ ਬਣਾਉਣ ਲਈ ਕਿਹਾ, ਕਿਉਂਕਿ ਪ੍ਰਭੂ ਹੜ੍ਹ ਦੁਆਰਾ ਸੰਸਾਰ ਨੂੰ ਤਬਾਹ ਕਰਨ ਜਾ ਰਿਹਾ ਸੀ। ਨੂਹ ਨੇ ਪਰਮੇਸ਼ੁਰ ਦਾ ਕਹਿਣਾ ਮੰਨਿਆ ਅਤੇ ਉਸ ਨੇ ਅਤੇ ਉਸ ਦੇ ਪਰਿਵਾਰ ਨੇ ਪਰਮੇਸ਼ੁਰ ਦੇ ਹੁਕਮ ਅਨੁਸਾਰ ਕਿਸ਼ਤੀ ਬਣਾਉਣੀ ਸ਼ੁਰੂ ਕਰ ਦਿੱਤੀ। ਬਾਈਬਲ ਦੇ ਪੰਡਤਾਂ ਦਾ ਕਹਿਣਾ ਹੈ ਕਿ ਨੂਹ ਨੂੰ ਇਸ ਕੰਮ ਨੂੰ ਪੂਰਾ ਕਰਨ ਵਿਚ ਲਗਭਗ 100 ਸਾਲ ਲੱਗ ਗਏ। ਉਸ ਸਮੇਂ ਦੇ ਲੋਕ ਨੂਹ ਦਾ ਮਜ਼ਾਕ ਉਡਾਉਂਦੇ ਅਤੇ ਠੱਠਾ ਕਰਦੇ ਸਨ। ਹਾਲਾਂਕਿ, ਨੂਹ ਨੇ ਉਨ੍ਹਾਂ ਨੂੰ ਤੋਬਾ ਕਰਨ ਅਤੇ ਕਿਸ਼ਤੀ ਵਿੱਚ ਦਾਖਲ ਹੋਣ ਦਾ ਪ੍ਰਚਾਰ ਕੀਤਾ (2 ਪਤਰਸ 2:5)। ਪਰ ਕਿਸੇ ਨੇ ਉਸ ਦੀ ਗੱਲ ਨਹੀਂ ਮੰਨੀ। ਕਿਸ਼ਤੀ ਨੂੰ ਪ੍ਰਭੂ ਦੁਆਰਾ ਤਹਿ ਕੀਤੇ ਅਨੁਸਾਰ ਪੂਰਾ ਕੀਤਾ ਗਿਆ ਸੀ।

ਯਿਸੂ ਨੇ ਕਿਹਾ, ਹੜ੍ਹ ਦੇ ਦਿਨ ਤੱਕ, ਲੋਕ ਖਾਂਦੇ-ਪੀਂਦੇ ਸਨ, ਵਿਆਹ ਕਰਦੇ ਤੇ ਕਰਵਾਉਂਦੇ ਸਨ, ਜਦੋਂ ਤੱਕ ਕਿ ਨੂਹ ਅਤੇ ਉਸ ਦਾ ਅੱਠਾਂ ਦਾ ਪਰਿਵਾਰ ਕਿਸ਼ਤੀ ਵਿੱਚ ਦਾਖਲ ਨਹੀਂ ਹੋਇਆ ਅਤੇ ਪ੍ਰਭੂ ਨੇ ਇਸਦਾ ਦਰਵਾਜ਼ਾ ਬੰਦ ਨਾ ਕਰ ਦਿੱਤਾ। ਹੜ੍ਹ ਆਇਆ, ਸਾਰੇ ਲੋਕ ਬੇਖਬਰ ਸਨ! ਨੂਹ ਅਤੇ ਉਸਦੇ ਪਰਿਵਾਰ ਨੂੰ ਛੱਡ ਕੇ ਸਾਰੇ ਨਾਸ਼ ਹੋ ਗਏ (ਮੱਤੀ 24:37-39)।

ਦੁਨੀਆਂ ਦਾ ਇਹ ਸਮਾਂ ਵੀ ਨੂਹ ਦੇ ਦਿਨਾਂ ਵਰਗਾ ਹੀ ਹੈ। ਸੰਸਾਰ ਪਾਪਾਂ ਨਾਲ ਭਰਿਆ ਹੋਇਆ ਹੈ ਅਤੇ ਪ੍ਰਭੂ ਨੂੰ ਦਖਲ ਦੇਣ ਲਈ ਸੱਦਾ ਦੇ ਰਿਹਾ ਹੈ। ਅਸੀਂ ਅਸਲ ਵਿੱਚ ਅੰਤ ਦੇ ਦਿਨਾਂ ਵਿੱਚ ਜੀ ਰਹੇ ਹਾਂ!

ਇਹ ਇੱਕ ਮਿਲੀਅਨ ਡਾਲਰ ਦਾ ਸਵਾਲ ਹੈ, ਯਿਸੂ ਕਦੋਂ ਆਵੇਗਾ? ਬਹੁਤ ਸਾਰੇ ਲੋਕਾਂ ਦੀ ਰਾਏ ਹੈ ਕਿ ਯਿਸੂ ਸੱਤ ਸਾਲਾਂ ਦੀ ਬਿਪਤਾ ਅਤੇ ਦੁਸ਼ਮਣ ਦੇ ਪ੍ਰਗਟ ਹੋਣ ਤੋਂ ਪਹਿਲਾਂ ਆਵੇਗਾ। ਕੁਝ ਲੋਕ 2 ਥੱਸਲੁਨੀਕੀਆਂ 2:1-3 ਦਾ ਹਵਾਲਾ ਦਿੰਦੇ ਹੋਏ ਕਹਿੰਦੇ ਹਨ ਕਿ ਬਿਪਤਾ ਦੇ ਸਮੇਂ ਦੌਰਾਨ ਮਸੀਹ ਦਾ ਦੁਸ਼ਮਣ ਆਵੇਗਾ। ਇਹ ਵਿਵਾਦ ਦਾ ਵਿਸ਼ਾ ਨਹੀਂ ਹੈ ਕਿ ਦੁਸ਼ਮਣ ਕਦੋਂ ਆਵੇਗਾ? ਯਿਸੂ ਬਿਪਤਾ ਦੇ ਅੰਤ ਵਿੱਚ ਜੈਤੂਨ ਦੇ ਪਹਾੜ ਉੱਤੇ ਉਤਰੇਗਾ ਅਤੇ ਹਰਮਗਿੱਦੋਨ ਵਿੱਚ ਮਸੀਹ ਵਿਰੋਧੀ ਨਾਲ ਲੜੇਗਾ।

ਮੋਹਰਾਂ ਕਦੋਂ ਖੁੱਲ੍ਹਣਗੀਆਂ? ਯਿਸੂ ਨੇ ਖੁਦ ਕਿਹਾ ਸੀ ਕਿ ਬਹੁਤ ਸਾਰੇ ਉਸਦੇ ਨਾਮ ਵਿੱਚ ਇਹ ਕਹਿੰਦੇ ਹੋਏ ਆਉਣਗੇ, "... 'ਮੈਂ ਮਸੀਹ ਹਾਂ', ਅਤੇ ਬਹੁਤਿਆਂ ਨੂੰ ਧੋਖਾ ਦੇਣਗੇ" (ਮੱਤੀ 24:5)। ਇਹ ਮਸੀਹ ਵਿਰੋਧੀ ਦੀ ਆਤਮਾ ਦਾ ਕੰਮ ਹੈ। ਦੁਸ਼ਟ ਦੀ ਆਤਮਾ ਪਹਿਲਾਂ ਹੀ ਸੰਸਾਰ ਵਿੱਚ ਹੈ ਅਤੇ ਕੰਮ ਕਰ ਰਹੀ ਹੈ। ਜਦੋਂ ਪਹਿਲੀ ਮੋਹਰ ਖੁੱਲਦੀ ਹੈ:

## ਪਹਿਲੀ ਮੋਹਰ!

ਜਦੋਂ ਲੇਲੇ ਨੇ ਮੋਹਰਾਂ ਵਿੱਚੋਂ ਇੱਕ ਨੂੰ ਖੋਲ੍ਹਿਆ, ਤਾਂ ਯੂਹੰਨਾਂ ਨੇ ਇੱਕ ਚਿੱਟਾ ਘੋੜਾ ਦੇਖਿਆ। ਅਤੇ ਜੋ ਉਸ ਉੱਤੇ ਬੈਠਾ ਸੀ, ਉਸ ਕੋਲ ਇੱਕ ਧਨੁਸ਼ ਸੀ, ਅਤੇ ਇੱਕ ਤਾਜ ਉਸਨੂੰ ਦਿੱਤਾ ਗਿਆ ਸੀ, ਅਤੇ ਉਹ ਜਿੱਤਣ ਲਈ ਬਾਹਰ ਨਿਕਲਿਆ (ਪਰਕਾਸ਼ ਦੀ ਪੋਥੀ 6:1,2)। ਉਹ ਆਦਮੀ ਜੋ ਚਿੱਟੇ ਘੋੜੇ 'ਤੇ ਬੈਠਾ ਹੈ ਉਹ ਮਸੀਹ ਵਿਰੋਧੀ ਨਹੀਂ ਹੈ ਕਿਉਂਕਿ ਉਹ ਬਹੁਤ ਸਾਰੀਆਂ ਕੌਮਾਂ (ਲੋਕਾਂ) ਵਿੱਚੋਂ ਉਭਰੇਗਾ। ਉਹ ਇੱਕ ਆਤਮਾ ਨਹੀਂ ਹੋਵੇਗਾ, ਪਰ ਰਾਜਿਆਂ ਜਾਂ ਰਾਸ਼ਟਰਪਤੀਆਂ ਜਾਂ ਪ੍ਰਧਾਨ ਮੰਤਰੀਆਂ ਵਿੱਚੋਂ ਹੀ ਇੱਕ ਹੋਵੇਗਾ।ਚਿੱਟੇ ਘੋੜੇ 'ਤੇ ਆਇਆ ਆਦਮੀ ਦੁਸ਼ਮਣ ਦੀ ਆਤਮਾ ਹੈ ਜੋ ਪਹਿਲੀ ਸਦੀ ਤੋਂ ਹੀ ਘੁੰਮ ਰਹੀ ਹੈ। ਪਹਿਲੀ ਸਦੀ ਵਿੱਚ ਰਹਿਣ ਵਾਲੇ ਰਸੂਲ ਯੂਹੰਨਾਂ ਨੇ ਮਸੀਹ ਵਿਰੋਧੀ ਦੀ ਆਤਮਾ ਨੂੰ ਵੇਖਿਆ ਅਤੇ ਆਪਣੀ ਪਹਿਲੀ ਪੱਤ੍ਰੀ ਵਿੱਚ ਚੇਤਾਵਨੀ ਦਿੱਤੀ ਅਤੇ ਕਿਹਾ, "ਹੇ ਬਾਲਕੋ ਇਹ ਅੰਤ ਦਾ ਸਮਾਂ ਹੈ ਅਤੇ ਜਿਵੇਂ ਤੁਸੀਂ ਸੁਣਿਆਂ ਭਈ ਮਸੀਹ ਦਾ ਵਿਰੋਧੀ ਆਉਂਦਾ ਹੈ ਅਰ ਹੁਣ ਵੀ ਮਸੀਹ ਦੇ ਵਿਰੋਧੀ ਬਾਹਲੇ ਉੱਠੇ ਹੋਏ ਹਨ ਜਿਸਤੋਂ ਅਸੀਂ ਜਾਣਦੇ ਹਾਂ ਭਈ ਇਹ ਅੰਤ ਦਾ ਸਮਾਂ ਹੈ" (1 ਯੂਹੰਨਾ 2:18)। ਜਿਹੜਾ ਮਨੁੱਖ ਪਿਤਾ ਅਤੇ ਪੁੱਤਰ ਨੂੰ ਨਕਾਰਦਾ ਹੈ ਉਹ ਮਸੀਹ ਵਿਰੋਧੀ ਹੈ (1 ਯੂਹੰਨਾ 2:22)। ਜਿਵੇਂ ਕਿ ਅਸੀਂ ਪਹਿਲਾਂ ਹੀ ਕਿਹਾ ਹੈ, ਮਸੀਹ ਵਿਰੋਧੀ ਉਹ ਮਨੁੱਖ ਹੈ ਜੋ ਕੌਮਾਂ ਵਿੱਚੋਂ ਉਭਰੇਗਾ ਉਸਦਾ ਅਜੇ ਆਉਣਾ ਬਾਕੀ ਹੈ ਅਤੇ ਜਿਸ ਬਾਰੇ ਯੂਹੰਨਾ ਲਿਖਦਾ ਹੈ ਉਹ ਮਸੀਹ ਵਿਰੋਧੀ ਦੀ ਆਤਮਾ ਹੈ। ਅਸੀਂ ਇਨ੍ਹਾਂ ਦਿਨਾਂ ਵਿੱਚ ਵੀ ਅਜਿਹੀ ਆਤਮਾ ਵਾਲੇ ਲੋਕਾਂ ਨੂੰ ਦੇਖਿਆ ਹੋਵੇਗਾ। ਧਿਆਨ ਰਹੇ, ਇਹ ਸਫ਼ੇਦ ਘੋੜੇ ਵਾਲਾ ਮਨੁੱਖ ਪਰਕਾਸ਼ ਦੀ ਪੋਥੀ 19:11 ਵਿਚ ਸਫ਼ੇਦ ਘੋੜੇ 'ਤੇ ਸਵਾਰ ਦਿਸਣ ਵਾਲਾ 'ਮਨੁੱਖ ਦਾ ਪੁੱਤਰ' ਨਹੀਂ ਹੈ।

## ਦੂਜੀ ਮੋਹਰ!

ਇੱਕ ਲਾਲ ਸੁਰਖ਼ ਘੋੜਾ ਨਿਕਲਿਆ। ਇਸਦੇ ਸਵਾਰ ਨੂੰ ਧਰਤੀ ਤੋਂ ਸੁਲਹ ਨੂੰ ਚੁੱਕ ਲੈਣ ਦਾ ਇਖਤਿਆਰ ਦਿੱਤਾ ਗਿਆ ਸੀ ਕਿ ਲੋਕ ਇੱਕ ਦੂਜੇ ਨੂੰ ਮਾਰ ਦੇਣ; ਅਤੇ ਉਸਨੂੰ ਇੱਕ ਵੱਡੀ ਤਲਵਾਰ ਦਿੱਤੀ ਗਈ ਸੀ (ਪਰਕਾਸ਼ ਦੀ ਪੋਥੀ 6:3,4)। ਇਸ ਆਦਮੀ ਨੂੰ ਧਰਤੀ ਤੋਂ ਸ਼ਾਂਤੀ ਚੁੱਕ ਲੈਣ ਅਤੇ ਲੋਕਾਂ ਨੂੰ ਇਕ-ਦੂਜੇ ਤੋਂ ਘਾਤ ਕਰਾਉਣ ਦਾ ਅਧਿਕਾਰ ਦਿੱਤਾ ਗਿਆ ਸੀ, ਯਾਨੀ ਜੰਗਾਂ ਅਤੇ ਦਹਿਸ਼ਤੀ ਗਤੀਵਿਧੀਆਂ। ਇਹ ਸਥਿਤੀ ਇਸ ਸੰਸਾਰ ਵਿੱਚ ਹਜ਼ਾਰਾਂ ਸਾਲ ਪਹਿਲਾਂ ਤੋਂ ਚੱਲੀ ਆ ਰਹੀ ਹੈ। ਉਹ ਆਪਣਾ ਕੰਮ ਕਰ ਰਿਹਾ ਹੈ।

## ਤੀਜੀ ਮੋਹਰ!

ਜਦੋਂ ਤੀਜੀ ਮੋਹਰ ਖੁੱਲੀ ਤਾਂ ਇੱਕ ਕਾਲਾ ਘੋੜਾ ਨਿਕਲਿਆ ਅਤੇ ਉਸਦੇ ਸਵਾਰ ਦੇ ਹੱਥ ਵਿੱਚ ਤੱਕੜੀ ਸੀ। ਉਸ ਨੂੰ ਸੰਸਾਰ ਵਿੱਚ ਅਕਾਲ ਫੈਲਾਉਣ ਦਾ ਅਧਿਕਾਰ ਦਿੱਤਾ ਗਿਆ। ਇਹ

ਦੁਨੀਆਂ ਦੇ ਕਈ ਹਿੱਸਿਆਂ ਵਿੱਚ ਦੇਖਿਆ ਜਾ ਸਕਦਾ ਹੈ। ਕੁਝ ਅਫ਼ਰੀਕੀ ਦੇਸ਼ਾਂ ਨੂੰ ਅਕਸਰ ਅਕਾਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਥੋਪੀਆ, ਸੂਡਾਨ, ਸੋਮਾਲੀਆ ਆਦਿ ਦੇਸ਼ ਇਸ ਖਤਰੇ ਦਾ ਅਕਸਰ ਸਾਹਮਣਾ ਕਰਦੇ ਹਨ। ਹਾਲ ਹੀ ਵਿੱਚ ਇੱਕ ਗੰਭੀਰ ਜਵਾਲਾਮੁਖੀ ਟਾਪੂ ਦੇਸ਼ ਹੈਤੀ ਵਿੱਚ ਫੁੱਟਿਆ, ਜਿਸ ਨਾਲ ਗੰਭੀਰ ਸੁਨਾਮੀ ਆਈ, ਜਿਸ ਨੇ ਟਾਪੂ ਨੂੰ ਪੂਰੀ ਤਰਾਂ ਤਬਾਹ ਕਰ ਦਿੱਤਾ। ਉੱਥੇ ਲੋਕ ਹੁਣ ਤਪਦੀ ਧੁੱਪ ਵਿੱਚ ਚਿੱਕੜ ਨੂੰ ਰੋਟੀ ਵਾਂਗ ਖਾਂਦੇ ਹਨ! ਸ੍ਰੀਲੰਕਾ ਭਿਆਨਕ ਅਕਾਲ ਕਾਰਨ ਇੱਕ ਵੱਡੇ ਵਿੱਤੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਅਫਗਾਨਿਸਤਾਨ ਅਕਾਲ ਦੀ ਕਗਾਰ 'ਤੇ ਹੈ। ਇਹ ਭਵਿੱਖਬਾਣੀ ਕੀਤੀ ਗਈ ਹੈ ਕਿ ਮੌਜੂਦਾ ਮਹਾਂਮਾਰੀ, ਕੋਵਿਡ-19 ਤੋਂ ਬਾਅਦ ਵਿਸ਼ਵ ਭੋਜਨ ਪਦਾਰਥਾਂ ਦੀ ਭਾਰੀ ਘਾਟ ਵਿੱਚੋਂ ਲੰਘੇਗਾ।

ਬਿਲ ਗੇਟਸ ਅਤੇ ਹੋਰ ਅਰਬਪਤੀਆਂ ਨੇ ਅਮਰੀਕਾ ਅਤੇ ਹੋਰ ਦੇਸ਼ਾਂ ਤੋਂ ਲੱਖਾਂ ਏਕੜ ਖੇਤੀ ਲਈ ਜ਼ਮੀਨ ਖਰੀਦੀ ਹੈ ਅਤੇ ਖੇਤੀ ਸ਼ੁਰੂ ਕੀਤੀ ਹੈ! ਉਹ ਪਹਿਲਾਂ ਹੀ ਅਨਾਜ ਮੰਡੀ ਵਿੱਚ ਦਾਖਲ ਹੋ ਗਏ ਹਨ ਅਤੇ ਆਪਣੇ ਉਤਪਾਦ ਵੇਚ ਰਹੇ ਹਨ! ਭਾਰਤ ਵਿੱਚ ਹਾਲ ਹੀ ਵਿੱਚ ਲਾਗੂ ਕੀਤੇ ਗਏ ਅਤੇ ਫਿਰ ਰੱਦ ਕੀਤੇ ਗਏ ਤਿੰਨ ਖੇਤੀ ਕਾਨੂੰਨ ਸਾਡੇ ਅਰਬਪਤੀਆਂ ਨੂੰ ਵੱਡੇ ਪੱਧਰ 'ਤੇ ਖੇਤੀਬਾੜੀ ਵਿੱਚ ਦਾਖਲ ਹੋਣ ਅਤੇ ਵਪਾਰ ਕਰਨ ਦੇ ਯੋਗ ਬਣਾਉਣ ਲਈ ਇੱਕ ਪੂਰਵ-ਸੂਚਕ ਹਨ! ਭਾਵੇਂ ਕਨੂੰਨਾਂ ਨੂੰ ਰੱਦ ਕਰ ਦਿੱਤਾ ਗਿਆ ਹੈ ਪਰ ਉਹ ਆਰਾਮ ਨਹੀਂ ਕਰਨਗੇ। ਉਹ ਮੌਜੂਦਾ ਕਾਨੂੰਨਾਂ ਦੀ ਢਿੱਲੀ ਵਰਤੋਂ ਕਰਕੇ ਖੇਤੀ ਵਾਲੀ ਜ਼ਮੀਨ ਦਾ ਵੱਡਾ ਹਿੱਸਾ ਖਰੀਦ ਲੈਣਗੇ ਅਤੇ ਖੇਤੀ ਅਧਾਰਤ ਧੰਦੇ ਵਿੱਚ ਪ੍ਰਵੇਸ਼ ਕਰਨਗੇ। ਕਿਹਾ ਜਾਂਦਾ ਹੈ ਕਿ ਬਿਰਲਾ ਨੇ ਪਹਿਲਾਂ ਹੀ ਦੇਸ਼ ਭਰ ਵਿੱਚ ਵੱਡੇ ਗੋਦਾਮ ਬਣਾ ਲਏ ਹਨ। ਕੀ ਹੋਵੇਗਾ? ਉਹ ਥੋਕ ਅਨਾਜ ਮੰਡੀਆਂ 'ਤੇ ਕਬਜ਼ਾ ਕਰਨਗੇ ਅਤੇ ਨਕਲੀ ਘਾਟ ਪੈਦਾ ਕਰਨਗੇ। ਜੋ ਚੌਲ ਅੱਜ 50/- ਰੁਪਏ ਪ੍ਰਤੀ ਕਿਲੋ ਮਿਲਦੇ ਹਨ ਫਿਰ 500/- ਰੁਪਏ ਕਿੱਲੋ ਵੀ ਹੋ ਸਕਦੇ ਹਨ। ਇਸ ਲਈ ਤੀਸਰੀ ਮੋਹਰ ਵਾਲਾ ਆਦਮੀ ਆਪਣੇ ਕੰਮ 'ਤੇ ਲੱਗਾ ਹੋਇਆ ਹੈ!

## ਚੌਥੀ ਮੋਹਰ!

ਫਿਰ ਇੱਕ ਕੁੱਲਾ ਘੋੜਾ ਨਿਕਲਿਆ ਅਤੇ ਉਸਦੇ ਸਵਾਰ ਦਾ ਨਾਂਓਂ ਮੌਤ ਹੈ ਅਤੇ ਪਤਾਲ ਉਸਦੇ ਮਗਰ ਚੱਲਿਆ ਆਉਂਦਾ ਹੈ। ਉਸਨੂੰ ਧਰਤੀ ਦੇ ਚੌਥੇ ਹਿੱਸੇ ਨੂੰ ਤਲਵਾਰ, ਭੁੱਖ, ਮੌਤ ਅਤੇ ਧਰਤੀ ਦੇ ਜਾਨਵਰਾਂ (ਜਾਨਵਰਾਂ ਦੁਆਰਾ ਮਹਾਂਮਾਰੀ ਫੈਲਾਉਣ) ਦੁਆਰਾ ਮਾਰਨ ਦੀ ਸ਼ਕਤੀ ਦਿੱਤੀ ਗਈ ਸੀ। ਕੌਮਾਂ ਤਲਵਾਰ ਦੇ ਵਿਰੁੱਧ ਤਲਵਾਰ ਚੁੱਕਦੀਆਂ ਹਨ। ਸੰਸਾਰ ਪਹਿਲਾਂ ਹੀ 1918 ਅਤੇ 1945 ਵਿੱਚ ਦੋ ਵਿਸ਼ਵ ਯੁੱਧਾਂ ਦਾ ਗਵਾਹ ਹੈ ਜਿਸ ਵਿੱਚ ਲੱਖਾਂ ਲੋਕ ਮਾਰੇ ਗਏ ਸਨ। ਸੰਸਾਰ ਦੇ ਅਲੱਗ-ਅਲੱਗ ਹਿੱਸਿਆਂ ਵਿੱਚ ਵੀ ਯੁੱਧ ਹੁੰਦੇ ਹਨ ਜੋ ਕਿ ਬਹੁਤ ਜ਼ਿਆਦਾ ਨੁਕਸਾਨ ਦਾ ਕਾਰਨ ਬਣਦੇ ਹਨ। ਰੂਸ ਅਤੇ ਯੂਕਰੇਨ ਵਰਗੇ ਦੇਸ਼ ਜੰਗ ਵਿੱਚ ਲੜ ਰਹੇ ਹਨ। ਐੱਚਆਈਵੀ, ਇਨਫਲੂਐਂਜ਼ਾ (1918), ਐੱਚ2ਐੱਨ2 (1957), ਜ਼ੀਕਾ (2018), 1968 ਦਾ ਫਲੂ (2020) ਅਤੇ ਨਿਫਾ (2021) ਵਰਗੇ ਵਾਇਰਸ ਅਤੇ ਮੌਜੂਦਾ ਕੋਵਿਡ-19 ਨੇ ਲੱਖਾਂ ਲੋਕਾਂ ਦੀ ਜਾਨ ਲੈ ਲਈ ਹੈ। ਜਾਨਵਰ ਅਜਿਹੇ ਵਾਇਰਸ ਦੇ ਵਾਹਕ ਹਨ। ਇਹ ਮਨੁੱਖੀ ਜੀਵਨ ਨੂੰ ਭਾਰੀ ਨੁਕਸਾਨ ਪਹੁੰਚਾਉਂਦੇ ਹਨ। ਇੱਕ ਵਾਰ ਜਦੋਂ ਕੋਈ ਵਾਇਰਸ ਪੈਦਾ ਹੋ ਜਾਂਦਾ ਹੈ, ਤਾਂ ਉਹ ਮਰਦਾ ਨਹੀਂ! ਇਹ ਅੱਜ ਵੀ ਨੁਕਸਾਨ ਪੁਚਾ ਰਹੇ ਹਨ।

## ਪੰਜਵੀਂ ਮੋਹਰ!

ਉਨ੍ਹਾਂ ਨੂੰ ਪਰਮੇਸ਼ੁਰ ਦੇ ਬਚਨ ਅਤੇ ਉਸ ਗਵਾਹੀ ਲਈ ਮਾਰਿਆ ਜਾਵੇਗਾ ਜੋ ਉਨ੍ਹਾਂ ਕੋਲ ਸੀ। ਯੂਹੰਨਾ ਨੇ ਉਨ੍ਹਾਂ ਨੂੰ ਜਗਵੇਦੀ ਦੇ ਹੇਠਾਂ ਦੇਖਿਆ। ਜਗਵੇਦੀ ਦੇ ਹੇਠਾਂ ਸ਼ਹੀਦ ਉਹ ਹਨ, ਜੋ ਬਿਪਤਾ ਦੇ ਪਹਿਲੇ 3½ ਸਾਲਾਂ ਵਿੱਚ ਮਰ ਗਏ ਸਨ ਜੋ ਸਵਰਗਾਰੋਹਣ ਤੋਂ ਬਾਅਦ ਪਰਮੇਸ਼ੁਰ ਦੇ ਬਚਨ ਅਤੇ ਉਸਦੀ ਗਵਾਹੀ ਲਈ ਖੜੇ ਸਨ। ਇਸ ਲਈ, ਇਹ ਮੋਹਰ ਸਵਰਗਾਰੋਹਣ ਤੋਂ ਬਾਅਦ ਟੁੱਟ ਸਕਦੀ ਹੈ।

## ਛੇਵੀਂ ਮੋਹਰ!

ਹੁਣ ਤੱਕ ਟੁੱਟੀਆਂ ਮੋਹਰਾਂ ਵਿੱਚੋਂ, ਛੇਵੀਂ ਮੋਹਰ ਦੇ ਨਤੀਜੇ ਬਹੁਤ ਗੰਭੀਰ ਅਤੇ ਵਿਨਾਸ਼ਕਾਰੀ ਹਨ। ਪਰਕਾਸ਼ ਦੀ ਪੋਥੀ 6:12-17 ਅਨੁਸਾਰ ਮੱਤੀ 24 ਵਿੱਚ ਦਿੱਤੇ ਗਏ ਨਤੀਜੇ ਉਹ ਹੇਠ ਲਿਖੇ ਅਨੁਸਾਰ ਹਨ:

1. ਇੱਕ ਵੱਡਾ ਭੁਚਾਲ ਆਇਆ; ਅਤੇ ਸੂਰਜ ਵਾਲਾਂ ਦੇ ਤੱਪੜ ਵਾਂਗ ਕਾਲਾ ਹੋ ਗਿਆ, ਅਤੇ ਚੰਦ ਲਹੂ ਵਰਗਾ ਹੋ ਗਿਆ।

2. ਅਕਾਸ਼ ਦੇ ਤਾਰੇ ਧਰਤੀ ਉੱਤੇ ਡਿੱਗ ਪਏ, ਜਿਵੇਂ ਇੱਕ ਅੰਜੀਰ ਦਾ ਦਰਖ਼ਤ ਤੇਜ਼ ਹਵਾ ਦੁਆਰਾ ਹਿੱਲਣ 'ਤੇ ਆਪਣੇ ਅੰਜੀਰਾਂ ਨੂੰ ਸੁੱਟ ਦਿੰਦਾ ਹੈ।

3. ਅਸਮਾਨ ਇੱਕ ਪੱਤਰ ਵਾਂਗ ਵਲ੍ਹੇਟਿਆ ਗਿਆ ਅਤੇ ਹਰ ਪਹਾੜ ਅਤੇ ਟਾਪੂ ਆਪਣੀ ਜਗ੍ਹਾ ਤੋਂ ਹਟ ਗਿਆ।

4. ਅਤੇ ਧਰਤੀ ਦੇ ਰਾਜੇ, ਵੀਰ, ਅਮੀਰ, ਸੈਨਾਪਤੀ, ਸੂਰਮੇ, ਹਰ ਗੁਲਾਮ ਅਤੇ ਹਰ ਅਜ਼ਾਦ ਮਨੁੱਖ ਗੁਫਾਵਾਂ ਅਤੇ ਪਹਾੜਾਂ ਦੀਆਂ ਚੱਟਾਨਾਂ ਵਿੱਚ ਲੁਕ ਗਿਆ।

5. ਉਹ ਪਹਾੜਾਂ ਅਤੇ ਚੱਟਾਨਾਂ ਨੂੰ ਕਹਿਣਗੇ, "ਸਾਡੇ ਉੱਤੇ ਡਿਗ ਪਓ ਅਤੇ ਸਾਨੂੰ ਉਸਦੇ ਕ੍ਰੋਧ ਤੋਂ ਲੁਕਾ ਲਓ ਜੋ ਸਿੰਘਾਸਣ ਉੱਤੇ ਬੈਠਾ ਹੈ!"

6. "ਕਿਉਂਕਿ ਉਸਦੇ ਕ੍ਰੋਧ ਦਾ ਮਹਾਨ ਦਿਨ ਆ ਗਿਆ ਹੈ, ਅਤੇ ਕੌਣ ਖੜਾ ਰਹਿ ਸਕਦਾ ਹੈ?"

ਪਿਆਰੇ ਦੋਸਤੋ, ਜੋ ਤਬਾਹੀ ਹੋਣ ਜਾ ਰਹੀ ਹੈ ਜਾਂ ਹੁਣ ਹੋ ਰਹੀ ਹੈ, ਉਹ ਅੱਜ ਤੋਂ 50 ਸਾਲ ਪਹਿਲਾਂ ਦੇਖੀ ਨਹੀਂ ਜਾ ਸਕਦੀ ਸੀ ਅਤੇ ਇਹ ਸਭ ਇਸਤੋਂ ਬਾਅਦ ਹੋਇਆ ਹੈ। ਸੂਚੀਬੱਧ ਤਬਾਹੀ ਹੋਣੀ ਸ਼ੁਰੂ ਹੋ ਗਈ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਹ ਆਪਣੇ ਚਰਮ 'ਤੇ ਪਹੁੰਚ ਜਾਵੇਗੀ, ਬੇਸ਼ੱਕ ਇਹ

(ਚਲਦਾ ਸਫਾ 6 ਤੇ)

ਨਹਮਯਾਹ ਬਾਈਬਲ
ਰਿਹਾਇਸ਼ੀ/ ਸ਼ਾਮ ਦਾ ਕਾਲਜ
ਵੇਲਾਚੇਰੀ/ ਚੇਪੌਕ ਅਤੇ ਸੰਤੋਸ਼ਪੁਰਮ, ਚੇਨਈ
ਮਾਧਿਅਮ- ਹਿੰਦੀ/ ਤਾਮਿਲ
ECHO OF HIS CALL 1969-2019 (ECHO GROUP)
Regd. Candidate for Membership ATA NEHEMIAH BIBLE COLLEGE CHENNAI ★ ECHO OF HIS CALL ★ Estd.: 1969
Registered Candidate for Membership
Asia Theological Association (ATA)
ਅੰਤਰਰਾਸ਼ਟਰੀ ਮਸੀਹੀ ਲੀਡਰਾਂ ਅਰ ਸੀਨੀਅਰ ਪਾਸਬਾਨਾਂ ਦੁਆਰਾ ਪੜ
ਸਾਲਾਂ ਤੋਂ ਮਾਨਤਾ ਪ੍ਰਾਪਤ
ਥਿਆਲੋਜੀਕਲ ਸਰਟੀਫਿਕੇਟ ਕੋਰਸ: ਇੱਕ ਸਾਲ
ਥਿਆਲੋਜੀਕਲ ਡਿਪਲੋਮਾ ਕੋਰਸ: ਦੋ ਸਾਲ
ਯੋਗਤਾ: ਦਸਵੀਂ ਅਰ ਉਸਤੋਂ ਵੱਧ
ਦਾਖਲੇ ਲਈ ਛੇਤੀ ਕਰੋ
Contact : The Chairman, Nehemiah Bible College.
10, MOHAMMED ABDULLAH 2ND STREET, CHEPAUK, CHENNAI - 600 005, INDIA.
Phone : (+91-44) 2852 8282, Cell : (+91) 98410 71852 / 95661 31858
E.mail : sam@echoofhiscall.org / Website : www.echoofhiscall.org

# GREAT COMMISSION PARTNERS
## ਮਹਾਨ ਆਦੇਸ਼ ਸਹਿਭਾਗੀ



TO SHARE (Galatians 6:2) SUPPORT (Romans 12:13) SPEEDUP (II Timothy 1:6)
ਵੰਡਣਾ (ਗਲਾਤੀਆਂ ੬:੨) ਸਹਾਇਤਾ ਕਰਨਾ(ਰੋਮੀਆਂ ੧੨:੧੩) ਤੇਜ਼ੀ ਕਰਨਾ (੨ਤਿਮੋਥੀਅਸ ੧:੬)

19 ਮਈ 2022 ਤੋਂ 18 ਜੂਨ 2022 ਤੱਕ

(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)

### ਵਡਿਆਈ ਦੇ ਮੁੱਦੇ

ਮਈ 19: ਪ੍ਰਭੂ ਦੀ ਉਸਤਤ ਕਰੋ ਕਿਉਂਕਿ ਭਾਰਤ ਵਿੱਚ ਕੋਵਿਡ-19 ਦੇ ਕੇਸ ਬਹੁਤ ਘੱਟ ਹਨ।

ਮਈ 20: ਅਸੀਂ ਆਪਣੀ ਪ੍ਰਿੰਟਿੰਗ ਪ੍ਰੈਸ ਵਿੱਚ ਛਪੇ 16 ਭਾਸ਼ਾਵਾਂ ਦੇ ਪ੍ਰਕਾਸ਼ਨਾਂ ਨੂੰ ਛਾਪਣ ਅਤੇ ਮਿਸ਼ਨ ਖੇਤਰਾਂ ਵਿੱਚ ਭੇਜੇ ਜਾਣ ਲਈ ਪ੍ਰਮੇਸ਼ਵਰ ਦੀ ਵਡਿਆਈ ਕਰੀਏ।

ਮਈ 21: ਪ੍ਰਮੇਸ਼ਵਰ ਨੇ ਕੋਵਿਡ-19 ਦੌਰਾਨ ਸਾਡੀਆਂ ਬੁਲਾਵੇ ਦੀ ਗੂੰਜ ਦੀਆਂ ਸਾਰੀਆਂ ਗਤੀਵਿਧੀਆਂ ਨੂੰ ਅਸੀਸ ਦਿੱਤੀ।

ਮਈ 22: ਅਸੀਂ ਆਪਣੇ ਸਹਿਯੋਗੀ ਸੰਪਾਦਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਿਆਈ ਲਈ ਪ੍ਰਮੇਸ਼ਵਰ ਦੀ ਵਡਿਆਈ ਕਰੀਏ।

ਮਈ 23: ਸਾਡੇ ਪ੍ਰਾਰਥਨਾ ਸਹਿਭਾਗੀਆਂ, ਸਬਸਕ੍ਰਾਈਬਰ ਸਹਿਭਾਗੀਆਂ, ਜੀਵਨ ਸਹਿਭਾਗੀਆਂ, ਵਿਸ਼ਵਾਸ ਸਹਿਭਾਗੀਆਂ ਅਤੇ ਮਹਾਨ ਆਦੇਸ਼ ਸਹਿਭਾਗੀਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਪ੍ਰਭੂ ਦੀ ਉਸਤਤ ਕਰੀਏ।

ਮਈ 24: ਅਸੀਂ ਮਸਹ ਪਾਏ ਹੋਏ ਨਵੇਂ ਵਿਸ਼ਵਾਸੀਆਂ ਨੂੰ ਸਾਡੇ ਚਰਚ ਵਿੱਚ ਜੋੜਨ ਲਈ ਪਰਮੇਸ਼ੁਰ ਦਾ ਸ਼ੁਕਰ ਕਰੀਏ।

ਮਈ 25: ਪ੍ਰਮੇਸ਼ਵਰ ਨੇ ਪਿਛਲੇ ਮਹੀਨੇ ਵਿੱਚ ਬੁਲਾਵੇ ਦੀ ਗੂੰਜ ਸੇਵਕਾਈਆਂ ਨੂੰ ਅਸੀਸ ਦਿੱਤੀ।

ਮਈ 26: ਅਸੀਂ ਧੰਨਵਾਦੀ ਹਾਂ ਕਿ ਪ੍ਰਮੇਸ਼ਵਰ ਨੇ ਸਾਡੀਆਂ ਸੇਵਕਾਈ ਯਾਤਰਾਵਾਂ ਨੂੰ ਬਰਕਤ ਦਿੱਤੀ।

27 ਮਈ : ਪ੍ਰਭੂ ਨੇ ਹਿੰਦੀ ਥੀਓਲੋਜੀਕਲ ਕੋਰਸ ਦੀਆਂ ਸਾਡੀਆਂ ਔਨਲਾਈਨ ਕਲਾਸਾਂ ਨੂੰ ਅਸੀਸ ਦਿੱਤੀ।

ਮਈ 28: ਸਾਡੇ ਦੇਸ਼ ਦੀ ਨੂੰ ਸੁਰੱਖਿਅਤ ਰੱਖਣ ਲਈ ਪ੍ਰਮੇਸ਼ਵਰ ਦੀ ਉਸਤਤ ਕਰੋ।

ਮਈ 29: ਸਾਨੂੰ ਨਿਯਮਿਤ ਤੌਰ 'ਤੇ ਥੀਓਲੋਜੀਕਲ ਸੈਮੀਨਾਰ ਕਰਵਾਉਣ ਦੇ ਯੋਗ ਬਣਾਉਣ ਲਈ ਪ੍ਰਭੂ ਦੀ ਪ੍ਰਸ਼ੰਸਾ ਹੋਵੇ।

ਮਈ 30: ਪਿਛਲੇ ਮਹੀਨੇ ਸਾਡੀਆਂ ਲੋੜਾਂ ਪੂਰੀਆਂ ਕਰਨ ਲਈ ਪ੍ਰਮੇਸ਼ਵਰ ਦੀ ਉਸਤਤ ਹੋਵੇ।

ਮਈ 31: 1969 ਤੋਂ ਮੈਗਜ਼ੀਨ ਸੇਵਕਾਈ ਪ੍ਰਤੀ ਸਾਡੀ ਵਚਨਬੱਧਤਾ ਨੂੰ ਅਸੀਸ ਦੇਣ ਲਈ ਪ੍ਰਮੇਸ਼ਵਰ ਦਾ ਧੰਨਵਾਦ ਹੋਵੇ।

ਜੂਨ 01: ਸਾਡੇ ਬਾਈਬਲ ਪੱਤਰ ਵਿਹਾਰ ਕੋਰਸ ਅਤੇ ਥੀਓਲੋਜੀਕਲ ਪੱਤਰ ਵਿਹਾਰ ਕੋਰਸਾਂ ਦੀ ਉੱਨਤੀ ਲਈ ਪ੍ਰਭੂ ਦੀ ਵਡਿਆਈ ਹੋਵੇ।

ਜੂਨ 02: ਸਾਡੇ ਵਰਕਰਾਂ ਦੇ ਪਰਿਵਾਰਾਂ ਉੱਪਰ ਬਰਕਤਾਂ ਦੀ ਵਰਖਾ ਕਰਨ ਲਈ ਪ੍ਰਭੂ ਦੀ ਉਸਤਤ ਹੋਵੇ।

ਜੂਨ 03: ਸਾਡਾ ਪ੍ਰਭੂ ਪ੍ਰਮੇਸ਼ਵਰ ਸਾਡੇ ਸੀਨੀਅਰ ਪਾਸਟਰ ਐਸ. ਸੈਮ ਸੇਲਵਾ ਰਾਜ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਸਾਰੀਆਂ ਦੁਸ਼ਟ ਤਾਕਤਾਂ ਤੋਂ ਬਚਾ ਕੇ ਰੱਖ ਰਿਹਾ ਹੈ।

### ਪ੍ਰਾਰਥਨਾ ਦੇ ਮੁੱਦੇ

ਜੂਨ 04: ਆਓ ਅਸੀਂ ਗੋਸਪਲ ਪ੍ਰਿੰਟਿੰਗ ਪ੍ਰੈਸ ਦੀ ਬਰਕਤ ਲਈ ਪ੍ਰਭੂ ਅੱਗੇ ਪ੍ਰਾਰਥਨਾ ਕਰੀਏ।

ਜੂਨ 05: ਸਾਡੇ ਰਿਹਾਇਸ਼ੀ ਨਹਮਯਾਹ ਬਾਈਬਲ ਕਾਲਜ ਲਈ ਨਵੇਂ ਵਿਦਿਆਰਥੀਆਂ ਦੇ ਆਉਣ ਲਈ ਪ੍ਰਾਰਥਨਾ ਕਰੋ।

ਜੂਨ 06: ਸਾਰੀਆਂ ਕੌਮਾਂ ਵਿੱਚ ਏਕਤਾ ਲਈ ਪ੍ਰਾਰਥਨਾ ਕਰੀਏ।

ਜੂਨ 07: ਅਸੀਂ ਆਪਣੇ ਅੰਗਰੇਜ਼ੀ ਸਹਾਇਕ ਸੰਪਾਦਕ ਬ੍ਰ. ਐਮ. ਪੌਲਰਾਜ ਦੀ ਪੂਰੀ ਸ਼ਿਫ਼ਾ ਲਈ ਪ੍ਰਾਰਥਨਾ ਕਰੀਏ।

ਜੂਨ 08: ਦੁਨੀਆ ਤੋਂ ਕੋਰੋਨਾ ਵਾਇਰਸ ਦੇ ਜਲਦੀ ਖਾਤਮੇ ਲਈ ਪ੍ਰਾਰਥਨਾ ਕਰੀਏ।

ਜੂਨ 09: ਸਾਡੀਆਂ ਸੇਵਕਾਈਆਂ ਦੇ ਹਰ ਢੰਗ ਅਰ ਹਰ ਖੇਤਰ ਵਿੱਚ ਵਿਸਥਾਰ ਲਈ ਪ੍ਰਾਰਥਨਾ ਕਰੀਏ।

ਜੂਨ 10: ਸਾਡੇ ਦੇਸ਼ ਦੀ ਏਕਤਾ ਅਤੇ ਹਰ ਪੱਖੋਂ ਤਰੱਕੀ ਲਈ ਪ੍ਰਾਰਥਨਾ ਕਰੀਏ।

ਜੂਨ 11: ਅਸੀਂ ਆਪਣੀ ਸੰਸਥਾ, ਸਾਰੇ ਸਟਾਫ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਉੱਨਤੀ ਲਈ ਪ੍ਰਾਰਥਨਾ ਕਰੀਏ।

ਜੂਨ 12: ਸਾਰੇ ਧਰਮਾਂ ਵਿਚਕਾਰ ਏਕਤਾ ਲਈ ਪ੍ਰਾਰਥਨਾ ਕਰੀਏ।

ਜੂਨ 13: ਸਾਰੀਆਂ ਮਸੀਹੀ ਸੰਸਥਾਵਾਂ ਦੀ ਅਸੀਸ ਅਤੇ ਸੁਰੱਖਿਆ ਲਈ ਪ੍ਰਾਰਥਨਾ ਕਰੀਏ।

ਜੂਨ 14: ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰੋ ਕਿ ਉਹ ਸਾਨੂੰ ਅਪਹੁੰਚੇ ਇਲਾਕਿਆਂ ਵਿੱਚ ਖੁਸ਼ਖਬਰੀ ਫੈਲਾਉਣ ਦੇ ਯੋਗ ਕਰੇ।

ਜੂਨ 15: ਦੁਨੀਆ ਭਰ ਦੇ ਲੋਕਾਂ ਦੀ ਸੁਰੱਖਿਆ ਲਈ ਪ੍ਰਾਰਥਨਾ ਕਰੀਏ।

ਜੂਨ 16: ਸਾਡੇ ਸਹਿਭਾਗੀਆਂ ਅਤੇ ਰਾਜ ਕੋਆਰਡੀਨੇਟਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਪ੍ਰਾਰਥਨਾ ਕਰੀਏ।

ਜੂਨ 17: ਪ੍ਰਾਰਥਨਾ ਕਰੀਏ ਕਿ ਪ੍ਰਮੇਸ਼ਵਰ ਸਾਨੂੰ ਧਰਤੀ ਉੱਤੇ ਉਸ ਦਾ ਰਾਜ ਫੈਲਾਉਣ ਲਈ ਹੋਰ ਵੀ ਦਰਸ਼ਨ ਦੇਣ।

ਜੂਨ 18: ਸਾਡੇ ਸੀਨੀਅਰ ਪਾਸਟਰ ਐਸ. ਸੈਮ ਸੇਲਵਾ ਰਾਜ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਸਾਰੀਆਂ ਬੁਰੀਆਂ ਤਾਕਤਾਂ ਤੋਂ ਸੁਰੱਖਿਆ ਲਈ ਪ੍ਰਾਰਥਨਾ ਕਰੀਏ।

(ਸਫਾ 4 ਤੋਂ ਚਲਦਾ–)

ਬਹੁਤ ਜਲਦੀ ਵੀ ਹੋ ਸਕਦੀ ਹੈ ਜਾਂ 50 ਜਾਂ 100 ਸਾਲਾਂ ਦੇ ਸਮੇਂ ਵਿੱਚ ਵੀ ਵਾਪਰ ਸਕਦੀ ਹੈ। ਪ੍ਰਭੂ ਲਈ ਇੱਕ ਦਿਨ 1000 ਸਾਲਾਂ ਵਰਗਾ ਹੈ ਅਤੇ 1000 ਸਾਲ ਇੱਕ ਦਿਨ ਜਿਹਾ ਹੈ; ਕਿਉਂਕਿ ਉਹ ਸਦੀਵੀ ਕਾਲ ਤੋਂ ਹੈ, ਜੋ ਕਿ ਸ੍ਰਿਸ਼ਟੀ ਤੋਂ ਪਹਿਲਾਂ ਅਤੇ ਬਾਅਦ ਤੱਕ ਹੈ।

## ਸੱਤਵੀਂ ਮੋਹਰ!

ਅਤੇ ਜਦੋਂ ਸੱਤਵੀਂ ਮੋਹਰ ਖੋਲ੍ਹੀ ਗਈ, ਤਾਂ ਸਵਰਗ ਵਿੱਚ ਲਗਭਗ ਅੱਧੇ ਘੰਟੇ ਲਈ ਚੁੱਪ ਰਹੀ (ਪਰਕਾਸ਼ ਦੀ ਪੋਥੀ 8:1)। ਇਹ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਜਦੋਂ ਪੂਰੀ ਦੁਨੀਆ ਹਫੜਾ-ਦਫੜੀ ਵਿੱਚ ਸੀ, ਅੱਧੇ ਘੰਟੇ ਦੀ ਚੁੱਪ ਦਾ ਅਰਥ ਹੈ, ਸੰਸਾਰ ਇੱਕ ਮਹਾਂ ਭਿਆਨਕ ਤਬਾਹੀ ਨੂੰ ਵੇਖਣ ਜਾ ਰਿਹਾ ਹੈ।ਸੱਤਵੀਂ ਮੋਹਰ ਦਾ ਖੁੱਲਣਾ ਆਪਣੇ ਆਪ ਵਿੱਚ ਕੋਈ ਤਬਾਹੀ ਨਹੀਂ ਲਿਆਇਆ ਪਰ ਇਹ ਸੱਤ ਤੁਰ੍ਹੀਆਂ ਦੇ ਵਜਾਉਣ ਤੋਂ ਬਾਅਦ ਧਰਤੀ ਉੱਤੇ ਸੱਤ ਕਟੋਰਿਆਂ ਵਿੱਚੋਂ ਡੋਲ੍ਹਣ ਦੁਆਰਾ ਹੋਣ ਵਾਲੀ ਵੱਡੀ ਤਬਾਹੀ ਨੂੰ ਦਰਸਾਉਂਦਾ ਹੈ। ਬਾਈਬਲ ਪੰਡਤਾਂ ਦਾ ਮੰਨਣਾ ਹੈ ਕਿ ਬਿਪਤਾ ਦੇ ਪਹਿਲੇ 3½ ਸਾਲਾਂ (1240 ਦਿਨਾਂ) ਦੌਰਾਨ ਤੁਰ੍ਹੀਆਂ ਵਜਾਈਆਂ ਜਾਣਗੀਆਂ ਅਤੇ ਸੱਤ ਸਾਲਾਂ ਦੇ ਬਿਪਤਾ ਦੇ ਦੂਜੇ ਅੱਧ ਦੌਰਾਨ ਕਟੋਿਆਂ ਨੂੰ ਡੋਲ੍ਹਿਆ ਜਾਵੇਗਾ। ਅਤੇ ਸੰਤ ਸੱਤ ਸਾਲਾਂ ਦੀ ਬਿਪਤਾ ਦੇ ਸ਼ੁਰੂ ਹੋਣ ਤੋਂ ਪਹਿਲਾਂ ਉਠਾ ਲਏ ਜਾਣਗੇ। ਅਸੀਂ ਪਹਿਲਾਂ ਹੀ ਦੇਖਿਆ ਹੈ ਕਿ ਬਿਪਤਾ ਦੀ ਸ਼ੁਰੂਆਤ ਤੋਂ ਪਹਿਲਾਂ ਕਲੀਸਿਆ ਨੂੰ ਉਠਾ ਲਿਆ ਗਿਆ ਸੀ।

ਹੁਣ ਅਸੀਂ ਉਨ੍ਹਾਂ ਘਟਨਾਵਾਂ ਨੂੰ ਸਮਝਣਾ ਹੈ ਜੋ ਹੁਣ ਸਾਡੇ ਸਮੇਂ ਵਿੱਚ ਵਾਪਰ ਰਹੀਆਂ ਹਨ ਅਤੇ ਜੋ 50 ਸਾਲ ਜਾਂ ਇਸ ਤੋਂ ਪਹਿਲਾਂ ਦੇਖਣ ਵਿੱਚ ਨਹੀਂ ਸਨ। ਸਾਨੂੰ ਇਹ ਵੀ ਸਮਝਣਾ ਪਵੇਗਾ ਕਿ ਪਹਿਲੀਆਂ ਚਾਰ ਮੋਹਰਾਂ ਨੂੰ ਤੋੜਨ ਦੇ ਨਤੀਜੇ ਰੁਕੇ ਨਹੀਂ ਹਨ, ਪਰ ਸੰਸਾਰ ਵਿੱਚ ਵਾਪਰ ਰਹੇ ਹਨ।

## ਭੂਚਾਲ, ਸੂਰਜ ਦਾ ਕਾਲਾ ਅਤੇ ਚੰਦ ਦਾ ਲਾਲ ਹੋਣਾ!

ਭੁਚਾਲ ਪਹਿਲੀ ਸਦੀ ਤੋਂ ਜਾਂ ਇਸ ਤੋਂ ਵੀ ਪਹਿਲਾਂ ਤੋਂ ਆ ਰਹੇ ਹਨ। ਪਹਿਲਾਂ ਉਹਨਾਂ ਦੀ ਤੀਬਰਤਾ ਅਤੇ ਬਾਰੰਬਾਰਤਾ ਮਾਮੂਲੀ ਸੀ। ਲਗਭਗ ਦਸ ਸਾਲ ਪਹਿਲਾਂ ਭਾਰਤ ਦੇ ਗੁਜਰਾਤ ਰਾਜ ਵਿੱਚ ਇੱਕ ਭਿਆਨਕ ਭੂਚਾਲ ਆਇਆ ਸੀ ਜਿਸ ਵਿੱਚ ਸੈਂਕੜੇ ਲੋਕਾਂ ਦੀ ਮੌਤ ਹੋ ਗਈ ਸੀ ਅਤੇ ਸੈਂਕੜੇ ਘਰ ਗਿਰ ਗਏ ਜਾਂ ਡੁੱਬ ਗਏ ਸਨ। ਅਤੇ ਹਾਲ ਹੀ ਵਿੱਚ, ਜਾਪਾਨ ਵਿੱਚ ਫੁਕੁਸ਼ੀਮਾ ਵਿੱਚ ਇੱਕ ਸ਼ਕਤੀਸ਼ਾਲੀ ਭੂਚਾਲ ਆਇਆ ਜਿੱਥੇ ਪ੍ਰਮਾਣੂ ਪਾਵਰ ਪਲਾਂਟ ਪੂਰੀ ਤਰ੍ਹਾਂ ਤਬਾਹ ਹੋ ਗਿਆ। 2004 ਵਿੱਚ ਇੰਡੋਨੇਸ਼ੀਆ ਵਿੱਚ ਆਏ ਭੂਚਾਲ ਨੇ ਜਾਨ-ਮਾਲ ਦਾ ਭਾਰੀ ਨੁਕਸਾਨ ਕੀਤਾ ਅਤੇ ਇਸ ਤੋਂ ਬਾਅਦ ਆਈ ਸੁਨਾਮੀ ਨੇ ਭਾਰਤ, ਸ਼੍ਰੀਲੰਕਾ, ਥਾਈਲੈਂਡ ਅਤੇ ਹੋਰ ਕਈ ਦੇਸ਼ਾਂ ਜਿਵੇਂ ਕਿ ਸਮੁੰਦਰੀ ਕੰਢੇ ਵਾਲੇ ਦੇਸ਼ਾਂ ਵਿੱਚ ਕਈ ਲੱਖਾਂ ਲੋਕਾਂ ਦੀ ਜਾਨ ਲੈ ਲਈ।ਭਾਰਤ ਵਿੱਚ ਪੂਰਬੀ ਤੱਟ ਤੇ ਸਭ ਤੋਂ ਵੱਧ ਤਬਾਹੀ ਹੋਈ ਸੀ ਜਿਸ ਵਿੱਚ 1.50 ਲੱਖ ਤੋਂ ਵੱਧ ਮੌਤਾਂ ਹੋਈਆਂ ਸਨ!

ਦੁਨੀਆ ਦੇ ਕਈ ਹਿੱਸਿਆਂ ਵਿੱਚ ਵੱਖ-ਵੱਖ ਮਾਪਾਂ ਦੇ ਭੁਚਾਲ ਆਉਂਦੇ ਹਨ ਅਤੇ ਇਸਦੀ ਬਾਰੰਬਾਰਤਾ ਅਤੇ ਤੀਬਰਤਾ ਸਮੇਂ-ਸਮੇਂ 'ਤੇ ਬਦਲਦੀ ਰਹਿੰਦੀ ਹੈ। ਇਹ ਘਟਨਾਵਾਂ ਦਰਸਾਉਂਦੀਆਂ ਹਨ ਕਿ ਭੂਚਾਲਾਂ ਅਤੇ ਸੁਨਾਮੀ ਦੇ ਵਿਰੁੱਧ ਮਨੁੱਖ ਬੇਬੱਸ ਹੈ।

ਆਕਾਸ਼ਗੰਗਾ ਵਿੱਚ ਸੂਰਜ ਸਭ ਤੋਂ ਵੱਡਾ ਗ੍ਰਹਿ ਹੈ। ਪਿਛਲੇ 50 ਸਾਲਾਂ ਤੋਂ ਬ੍ਰਿਟੇਨ ਦੇ ਮਹਾਨ ਵਿਗਿਆਨੀ ਸਟੀਫਨ ਹਾਕਿੰਸ ਸੂਰਜ ਦੀ ਸਤ੍ਹਾ 'ਤੇ ਬਲੈਕ ਹੋਲ ਦੀ ਮੌਜੂਦਗੀ ਦੀ ਗੱਲ ਕਰ ਰਹੇ ਹਨ। ਇਸ ਬਿਆਨ ਨੂੰ ਸਹਿਮਤੀ ਮਿਲੀ ਅਤੇ ਕਈ ਵਿਗਿਆਨੀ ਇਸ ਨੂੰ ਮਨਜ਼ੂਰੀ ਦੇਣ ਲੱਗੇ ਅਤੇ ਨਾਸਾ ਵੀ ਇਸ ਨਾਲ ਸਹਿਮਤ ਹੋ ਗਿਆ। ਬਲੈਕ ਹੋਲ ਸੂਰਜ ਦੀ ਸਤ੍ਹਾ ਤੇ ਹਾਈਡ੍ਰੋਜਨ ਦੇ ਸੜਨ ਕਾਰਨ ਬਣੇ ਵੱਡੇ ਵੱਡੇ ਛੇਕ ਹਨ। ਇਹ ਘਟਨਾਵਾਂ ਸੂਰਜ ਦੀ ਗਰਮੀ ਨੂੰ ਵਧਾਉਂਦੀਆਂ ਹਨ ਅਤੇ ਰੇਡੀਏਸ਼ਨ ਪੈਦਾ ਕਰਦੀਆਂ ਹਨ। ਇਸਦੇ ਕਰਕੇ ਸੋਲਰ ਸੁਨਾਮੀ ਨਾਂ ਦੀ ਇੱਕ ਘਟਨਾ ਵਾਪਰੇਗੀ ਜਿਸ ਵਿੱਚ ਬਲੈਕ ਹੋਲ ਤੋਂ ਗਰਮ ਤਰੰਗਾਂ ਅਤੇ ਸੂਰਜ ਤੋਂ ਹਾਨੀਕਾਰਕ ਰੇਡੀਏਸ਼ਨ ਨਿਕਲੇਗੀ। ਇਹ ਬਿਜਲਈ ਚਾਰਜ ਵਾਲੇ ਕਣ ਹਨ ਜੋ ਸੂਰਜ ਦੇ ਨੇੜਲੇ ਗ੍ਰਹਿਆਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਦੇ ਹਨ। ਸਾਡੀ ਧਰਤੀ ਸੂਰਜ ਤੋਂ ਤੀਜਾ ਗ੍ਰਹਿ ਹੈ ਅਤੇ ਅਸੀਂ ਖ਼ਤਰੇ ਵਿੱਚ ਹਾਂ।

ਹਾਲ ਹੀ ਵਿੱਚ ਇਸ ਨੇ 29-01-2022 ਨੂੰ ਦੁਨੀਆ ਵਿੱਚ ਹਮਲਾ ਕੀਤਾ ਅਤੇ ਅੰਟਾਰਕਟਿਕਾ ਖੇਤਰ ਅਤੇ ਗ੍ਰੀਨਲੈਂਡ ਆਈਲੈਂਡ ਵਿੱਚ ਨੁਕਸਾਨ ਪਹੁੰਚਾਇਆ। ਆਮ ਤੌਰ 'ਤੇ, ਟਾਪੂ ਹਮੇਸ਼ਾ ਬਰਫ਼ ਨਾਲ ਢੱਕਿਆ ਰਹਿੰਦਾ ਹੈ ਅਤੇ ਇੱਥੇ ਕੋਈ ਬਾਰਿਸ਼ ਨਹੀਂ ਹੁੰਦੀ। ਸੂਰਜੀ ਸੁਨਾਮੀ ਦੀ ਮਾਰ ਅਤੇ ਤਾਪਮਾਨ ਵਿੱਚ ਤਬਦੀਲੀ ਦੇ ਕਾਰਨ, ਟਾਪੂ ਹਰਾ ਹੋ ਗਿਆ ਅਤੇ ਇਸ ਖੇਤਰ ਵਿੱਚ ਵੱਡੇ ਪੱਧਰ 'ਤੇ ਬਰਫ਼ ਪਿਘਲਣ ਨਾਲ ਸਮੁੰਦਰ ਦਾ ਸਤਰ ਵਧ ਗਿਆ, ਜਿਸ ਨਾਲ ਨੀਵੇਂ ਇਲਾਕਿਆਂ ਦੇ ਦੇਸ਼ਾਂ ਵਿੱਚ ਪਾਣੀ ਭਰ ਗਿਆ। ਸਮੁੰਦਰੀ ਕੰਢੇ ਦੇ ਦੇਸ਼ਾਂ ਨੂੰ ਆਪਣੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾਣ ਲਈ ਨੋਟਿਸ ਜਾਰੀ ਕੀਤੇ ਗਏ ਹਨ।


ਨਹਮਯਾਹ ਬਾਈਬਲ ਕਾਲਜ

ਬੁਲਾਵੇ ਦੀ ਗੂੰਜ ਦੁਆਰਾ ਸੰਚਾਲਿਤ

ਰਿਹਾਇਸ਼ੀ-ਹਿੰਦੀ ਅਤੇ ਸ਼ਾਮ-ਤਾਮਿਲ

Asia Theological Association (ATA)

*Registered Candidate for Membership*

23ਵੀਂ ਗ੍ਰੈਜੁਏਸ਼ਨ ਸਭਾ

3 ਜੂਨ, 2022
ਸ਼ੁੱਕਰਵਾਰ, ਸ਼ਾਮ 5 ਵਜੇ

ਸਥਾਨ: ਬਾਲਾਰ ਕਾਲਵੀ ਨਿਲਾਯਮ ਹਾਲ,
ਐੱਮ. ਆਰ. ਸੀ ਸੈਂਟਰ,
ਅਨੀਤਾ ਮੈਟ੍ਰਿਕੁਲੇਸ਼ਨ ਸਕੂਲ ਕੰਪਾਊਂਡ, 5/6
ਰਿਥਰਡਨ ਰੋਡ, ਵੇਪਰੀ, ਚੇਨੰਈ- 600 007

ਪ੍ਰਾਰਥਨਾ ਕਰੋ ਅਤੇ ਆਓ

- ਸਾਲ ੨੦੨੨-੨੦੨੩ ਲਈ ਦਾਖਲਾ ਸ਼ੁਰੂ!
- ਕਿਰਪਾ ਕਰਕੇ ਯੋਗ ਵਿਦਿਆਰਥੀਆਂ ਨੂੰ ਭੇਜੋ!
- ਰਿਹਾਇਸ਼ੀ ਹਿੰਦੀ ਵਿਦਿਆਰਥੀਆਂ ਲਈ ਸਕਾਲਰਸ਼ਿਪ!
- **Classes for the academic year 2022-23 will commence on 06.06.2022!!!!**

ਪਾ: ਐੱਸ ਸੈਮ ਸੇਲਵਾ ਰਾਜ, ਪ੍ਰੈਜ਼ੀਡੈਂਟ

ਇੰਡੋਨੇਸ਼ੀਆ ਨੇ ਪਹਿਲਾਂ ਹੀ ਆਪਣੇ ਹੈੱਡ-ਕੁਆਰਟਰ, ਜਗਰਥਾ ਨੂੰ ਅੰਦਰੂਨੀ ਸਥਾਨ 'ਤੇ ਸ਼ਿਫਟ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਲਗਭਗ 20 ਲੱਖ ਲੋਕ ਪਲਾਯਨ ਦੀ ਪ੍ਰਕਿਰਿਆ ਵਿਚ ਹਨ।

ਇਸ ਵੇਲੇ ਬਲੈਕ ਹੋਲ ਸੂਰਜ ਦੀ ਸਤ੍ਹਾ ਦੇ ਲਗਭਗ 12% ਉੱਤੇ ਕਬਜ਼ਾ ਕਰ ਚੁੱਕਾ ਹੈ ਅਤੇ ਇਹ 100% ਕਬਜ਼ਾ ਕਰਨ ਲਈ ਤਿਆਰ ਹੈ। ਜਦੋਂ ਇਹ ਹੋਵੇਗਾ, ਤਾਂ ਬਾਈਬਲ ਵਿਚ ਜੋ ਕਿਹਾ ਗਿਆ ਹੈ, ਉਹ ਪੂਰਾ ਹੋਵੇਗਾ।

ਦੁਨੀਆ ਸੂਰਜੀ ਸੁਨਾਮੀ ਦੇ ਹਮਲੇ ਸਾਹਮਣੇ ਬਹੁਤ ਕਮਜ਼ੋਰ ਹੈ. ਜਦੋਂ ਸੰਸਾਰ ਦੀ ਰਚਨਾ ਹੋਈ, ਤਾਂ ਪ੍ਰਮੇਸ਼ਵਰ ਨੇ ਸੂਰਜ ਦੇ ਹਮਲੇ ਤੋਂ ਬਚਾਉਣ ਲਈ ਧਰਤੀ ਉੱਤੇ ਤਿੰਨ ਸੁਰੱਖਿਆ ਪਰਤਾਂ ਬਣਾਈਆਂ। ਪਹਿਲੀ ਪਰਤ, ਧਰਤੀ ਦੇ ਉੱਪਰ ਪਾਣੀ ਦਾ ਇੱਕ ਢੱਕਣ ਰੱਖਿਆ ਗਿਆ ਸੀ, ਜੋ ਕਿ ਨੂਹ ਦੇ ਦਿਨਾਂ ਵਿੱਚ ਆਏ ਹੜ੍ਹ ਸਮੇਂ ਖਾਲੀ ਹੋ ਗਿਆ; ਦੂਜੀ ਸੁਰੱਖਿਆ ਪਰਤ ਓਜ਼ੋਨ ਵੀ ਭਾਰੀ ਉਦਯੋਗੀਕਰਨ, ਆਟੋਮੋਬਾਈਲਜ਼ ਦੇ ਵਿਸਫੋਟ ਅਤੇ ਇਨ੍ਹਾਂ ਰਾਹੀਂ ਨਿਕਲਣ ਵਾਲੀਆਂ ਜ਼ਹਿਰੀਲੀਆਂ ਗੈਸਾਂ ਜਿਵੇਂ ਕਾਰਬਨ ਡਾਈਆਕਸਾਈਡ, ਨਾਈਟ੍ਰੋਜਨ ਆਕਸਾਈਡ ਕਾਰਨ ਪੂਰੀ ਤਰ੍ਹਾਂ ਤਬਾਹ ਹੋ ਗਈ ਹੈ। ਓਜ਼ੋਨ ਪਰਤ ਸਾਡੇ ਜੀਵਨ ਕਾਲ ਦੌਰਾਨ ਹੀ ਖਤਮ ਹੋ ਗਈ ਹੈ! ਹੁਣ, ਤੀਜੀ ਸੁਰੱਖਿਆ ਪਰਤ, ਇਕੱਲੀ ਚੁੰਬਕੀ ਪਰਤ ਹੈ ਜੋ ਸਾਨੂੰ ਰੇਡੀਏਸ਼ਨ ਤੋਂ ਬਚਾ ਰਹੀ ਹੈ। ਇਹ ਵੀ ਜ਼ਹਿਰੀਲੀਆਂ ਗੈਸਾਂ ਦੇ ਨਿਰੰਤਰ ਨਿਕਾਸ ਕਾਰਨ ਪ੍ਰਭਾਵਿਤ ਹੋ ਰਹੀ ਹੈ।

ਯੂਐਨਓ ਨੇ ਪਹਿਲਾਂ ਹੀ ਵਿਸ਼ਵ ਦੇ ਦੇਸ਼ਾਂ ਵਿਸ਼ੇਸ਼ ਤੌਰ 'ਤੇ ਉੱਚ ਉਦਯੋਗਿਕ ਦੇਸ਼ਾਂ ਨੂੰ ਜ਼ੀਰੋ ਨਿਕਾਸ ਨੂੰ ਯਕੀਨੀ ਬਣਾਉਣ ਲਈ ਆਖਿਆ ਹੈ। ਹਰ ਦੇਸ਼ ਨੇ ਜ਼ੀਰੋ ਨਿਕਾਸ ਨੂੰ ਪ੍ਰਾਪਤ ਕਰਨ ਲਈ ਇੱਕ ਸਮਾਂ ਸੀਮਾ ਨਿਰਧਾਰਤ ਕੀਤੀ ਹੈ ਅਤੇ ਭਾਰਤ ਨੇ ਹੁਣ ਤੋਂ 30 ਸਾਲ ਦੀ ਮਿਆਦ ਨਿਰਧਾਰਤ ਕੀਤੀ ਹੈ!

ਸੂਰਜ ਦੀ ਸਤ੍ਹਾ 'ਤੇ ਗਰਮੀ ਵਧਣ ਕਾਰਨ ਆਰਕਟਿਕ ਖੇਤਰ ਅਤੇ ਹੋਰ ਖੇਤਰਾਂ ਦੀ ਬਰਫ਼ ਤੇਜ਼ੀ ਨਾਲ ਪਿਘਲ ਰਹੀ ਹੈ ਅਤੇ ਸਮੁੰਦਰ ਦਾ ਸਤਰ ਵਧਦਾ ਜਾ ਰਿਹਾ ਹੈ। ਇਹ ਵਾਯੂਮੰਡਲ ਵਿੱਚ ਤਾਪਮਾਨ ਵਿੱਚ ਵਾਧੇ ਦਾ ਕਾਰਨ ਵੀ ਬਣਦਾ ਹੈ ਅਤੇ ਇਸ ਕਾਰਨ ਹਾਲ ਹੀ ਵਿੱਚ ਜ਼ਿਆਦਾਤਰ ਯੂਰਪੀਅਨ ਦੇਸ਼ਾਂ ਅਤੇ ਚੀਨ ਵਿੱਚ ਭਿਆਨਕ ਮੀਂਹ ਨੇ ਤਬਾਹੀ ਮਚਾਈ ਹੈ।

ਆਉਣ ਵਾਲੇ ਦਿਨਾਂ 'ਚ ਬਲੈਕ ਹੋਲ ਦੇ ਖੇਤਰ 'ਚ ਵਾਧਾ ਹੋਣ ਅਤੇ ਸੂਰਜੀ ਸੁਨਾਮੀ ਦੀ ਵਧਦੀ ਸੰਭਾਵਨਾ ਕਾਰਨ ਦੁਨੀਆ ਦੇ ਦੇਸ਼ ਡਰ ਅਤੇ ਨਿਰਾਸ਼ਾ ਦੇ ਆਲਮ 'ਚ ਹਨ। ਉਹ ਆਪਣੇ ਪਿਆਰੇ ਲੋਕਾਂ ਦੇ ਇੱਕ ਹਿੱਸੇ ਨੂੰ ਸੁਰੱਖਿਅਤ ਰੱਖਣ ਲਈ ਕਈ ਤਰੀਕਿਆਂ ਦੀ ਕਾਢ ਕੱਢ ਰਹੇ ਹਨ। ਅਮਰੀਕਾ ਵੱਡੀਆਂ ਪਹਾੜੀਆਂ ਅਤੇ ਪਹਾੜਾਂ ਦੇ ਹੇਠਾਂ ਡੂੰਘੇ 100 ਤੋਂ ਵੱਧ ਬੰਕਰਾਂ ਨੂੰ ਵਿਕਸਤ ਕਰ ਰਿਹਾ ਹੈ। ਹਰੇਕ ਬੰਕਰ 1400 ਫੁੱਟ ਤੋਂ 2000 ਫੁੱਟ ਦੀ ਡੂੰਘਾਈ 'ਤੇ ਬਣਾਇਆ ਗਿਆ ਹੈ। ਹਰੇਕ ਬੰਕਰ ਦਾ ਆਕਾਰ ਵੱਖਰਾ ਹੋ ਸਕਦਾ ਹੈ। ਹਾਲਾਂਕਿ, ਹਰ ਬੰਕਰ ਇੱਕ ਮਿੰਨੀ ਟਾਊਨ ਦੇ ਆਕਾਰ ਵਿੱਚ ਹੈ ਜਿਸ ਵਿੱਚ ਰਹਿਣ ਲਈ ਸਾਰੀਆਂ ਸੰਭਵ ਸਹੂਲਤਾਂ ਹਨ! ਹਰੇਕ ਬੰਕਰ ਨੂੰ 4 ਤੋਂ 6 ਮਹੀਨਿਆਂ ਤੱਕ ਦੀਆਂ ਰਿਹਾਇਸ਼ੀ ਸਹੂਲਤਾਂ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ ਅਤੇ ਇੱਕ ਵਿਅਕਤੀ ਲਈ ਲਾਗਤ/ਕਿਰਾਇਆ ਲਗਭਗ 2 ਲੱਖ ਡਾਲਰ ਹੈ! ਇੱਥੇ ਜਗ੍ਹਾ ਹਾਸਲ ਕਰਨ ਲਈ ਪ੍ਰਾਈਵੇਟ ਖਿਡਾਰੀ ਵੀ ਮੈਦਾਨ ਵਿੱਚ ਹਨ।

ਜ਼ਿਆਦਾਤਰ ਯੂਰਪੀਅਨ ਦੇਸ਼ਾਂ ਨੇ ਵੀ ਆਪਣੇ ਲੋਕਾਂ ਨੂੰ ਸਹਾਇਤਾ ਦੇਣ ਲਈ ਬੰਕਰ ਵਿਕਸਤ ਕਰਨੇ ਸ਼ੁਰੂ ਕਰ ਦਿੱਤੇ ਹਨ। ਨਾਰਵੇ, ਸਵਿਟਜ਼ਰਲੈਂਡ, ਸਵੀਡਨ ਆਦਿ ਦੇਸ਼ ਸਭ ਤੋਂ ਅੱਗੇ ਹਨ। ਇੱਕ ਮਿਲੀਅਨ ਡਾਲਰ ਦੇ ਸਵਾਲ ਦਾ ਜਵਾਬ ਦੇਣਾ ਹਾਲੇ ਵੀ ਬਾਕੀ ਹੈ ਕਿ ਵੱਡੇ ਭੂਚਾਲ ਜਾਂ ਜੁਆਲਾਮੁਖੀ ਦੇ ਆਉਣ ਸਮੇਂ ਇਹ ਬੰਕਰ ਕਿੰਨੀ ਸੁਰੱਖਿਆ ਪ੍ਰਦਾਨ ਕਰ ਸਕਣਗੇ? ਜਦੋਂ ਸੰਸਾਰ ਵਿਨਾਸ਼ ਦੇ ਕੋਲ ਖੜਾ ਹੈ, ਕੀ ਇਹ 4 ਜਾਂ 6 ਮਹੀਨਿਆਂ ਦੀ ਸੁਰੱਖਿਆ ਕਾਫ਼ੀ ਹੋਵੇਗੀ? ਮਨੁੱਖ ਰੱਬ ਦੇ ਮਨਸੂਬਿਆਂ ਨੂੰ ਰੋਕ ਨਹੀਂ ਸਕਦਾ!

ਜਲਵਾਯੂ ਪਰਿਵਰਤਨ ਬਾਰੇ ਵਿਸ਼ਵ ਸੰਸਥਾ ਨੇ 28 ਫਰਵਰੀ, 2022 ਨੂੰ ਇੱਕ ਰਿਪੋਰਟ ਪ੍ਰਕਾਸ਼ਿਤ ਕੀਤੀ। ਇਹ ਵਿਸ਼ਵ ਦੇ ਦੇਸ਼ਾਂ ਨੂੰ ਚੇਤਾਵਨੀ ਦਿੰਦੀ ਹੈ ਕਿ ਅਗਲੇ ਦੋ ਦਹਾਕਿਆਂ ਵਿੱਚ ਤਾਪਮਾਨ 1.5% ਜਾਂ ਇਸ ਤੋਂ ਵੀ ਵੱਧ ਵਧ ਸਕਦਾ ਹੈ। ਇਸ ਦਾ ਕੁਦਰਤ ਅਤੇ ਲੋਕਾਂ 'ਤੇ ਬੁਰਾ ਪ੍ਰਭਾਵ ਪਵੇਗਾ। ਭਾਰਤ ਦੇ ਬਹੁਤ ਸਾਰੇ ਸ਼ਹਿਰ 35-36 ਡਿਗਰੀ ਸੈਲਸੀਅਸ ਨੂੰ ਪਾਰ ਕਰ ਚੁੱਕੇ ਹਨ। ਸੰਸਾਰ ਮਨੁੱਖ ਦੇ ਰਹਿਣ ਲਈ ਅਯੋਗ ਬਣਦਾ ਜਾ ਰਿਹਾ ਹੈ!

ਇੱਕ ਹੋਰ ਵੱਡਾ ਖ਼ਤਰਾ ਜੋ ਦੁਨੀਆਂ ਲਈ ਹੈ ਉਹ ਹੈ ਧਰਤੀ ਦੀ ਡੂੰਘਾਈ ਵਿੱਚ ਰੱਖੇ ਗਏ ਪ੍ਰਮਾਣੂ ਬੰਬ ਅਤੇ ਬਹੁਤ ਸਾਰੀ ਵਿਸਫੋਟਕ ਸਮੱਗਰੀ। ਜੋ ਇਸ ਸੰਸਾਰ ਨੂੰ ਕਈ ਵਾਰ ਤਬਾਹ ਕਰਨ ਲਈ ਕਾਫੀ ਹਨ! ਜਦੋਂ ਇੱਕ ਸ਼ਕਤੀਸ਼ਾਲੀ ਭੁਚਾਲ ਜਾਂ ਜੁਆਲਾਮੁਖੀ ਆਵੇਗਾ ਤਾਂ ਪ੍ਰਮਾਣੂ ਹਥਿਆਰਾਂ ਅਤੇ ਵਿਸਫੋਟਕਾਂ ਦਾ ਕੀ ਹੋਵੇਗਾ? ਵਿਕਸਤ ਦੇਸ਼ਾਂ ਵਿੱਚ ਲਗਭਗ ਸਾਰੇ ਘਰ ਗੈਸ (LPG) ਪਾਈਪਲਾਈਨਾਂ ਦੁਆਰਾ ਜੁੜੇ ਹੋਏ ਹਨ ਅਤੇ ਭਾਰਤ ਹੁਣ ਪਾਈਪਲਾਈਨ ਦੀ ਵਰਤੋਂ ਸ਼ੁਰੂ ਕਰ ਰਿਹਾ ਹੈ। ਜਦੋਂ ਕੋਈ ਆਫ਼ਤ ਆਉਂਦੀ ਹੈ ਤਾਂ ਐਲਪੀਜੀ ਅਤੇ ਇਸਦੇ ਸਟੋਰੇਜ ਟੈਂਕਾਂ ਦਾ ਕੀ ਹੋਵੇਗਾ? ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੰਸਾਰ ਇੱਕ ਜੁਆਲਾਮੁਖੀ 'ਤੇ ਬੈਠਾ ਹੈ!

ਦੁਨੀਆ ਦੇ ਕਈ ਹਿੱਸਿਆਂ ਵਿਚ ਲਾਲ ਚੰਦ ਦਿਖਾਈ ਦੇ ਰਿਹਾ ਹੈ। ਭਾਰਤ ਵਿੱਚ ਇਹ ਹਾਲ ਹੀ ਵਿੱਚ ਵਿਖਾਈ ਦਿੱਤਾ ਸੀ ਅਤੇ ਲੋਕਾਂ ਨੇ ਨੰਗੀਆਂ ਅੱਖਾਂ ਨਾਲ ਇਸਨੂੰ ਵੇਖਿਆ। ਇਸਦੀ ਬਾਰੰਬਾਰਤਾ ਹਾਲ ਦੇ ਸਾਲਾਂ ਵਿੱਚ ਵਧਦੀ ਜਾ ਰਹੀ ਹੈ!

ਇਹ ਇੱਕ ਆਮ ਧਾਰਨਾ ਹੈ ਕਿ ਗ੍ਰਹਿ ਅਤੇ ਉਲਕਾ-ਪਿੰਡ ਅਕਾਸ਼ ਤੋਂ ਡਿੱਗਦੇ ਹਨ। ਬਹੁਤ ਹੀ ਹਾਲ ਹੀ ਵਿੱਚ ਇੱਕ ਛੇ ਟਨ ਦਾ ਉਲਕਾ-ਪਿੰਡ ਸਮੁੰਦਰ ਵਿੱਚ ਡਿੱਗਿਆ। ਹੁਣ, ਇਨਾਂ ਦੇ ਡਿੱਗਣ ਦੀ ਬਾਰੰਬਾਰਤਾ ਵਧਦੀ ਜਾ ਰਹੀ ਹੈ, ਜਿਵੇਂ ਕਿ ਬਾਈਬਲ ਵਿਚ ਲਿਖਿਆ ਹੈ, ਤਾਰੇ ਅਕਾਸ਼ ਤੋਂ ਇੰਝ ਡਿਗ ਪੈਣਗੇ ਜਿਵੇਂ ਤੇਜ ਹਵਾ ਨਾਲ ਅੰਜੀਰ ਦੇ ਦਰਖਤ ਤੋਂ ਅੰਜੀਰ ਡਿਗ ਪੈਂਦੇ ਹਨ।

ਗਰਮੀ ਦੇ ਵਧਣ ਕਾਰਨ ਅਸਮਾਨ ਵੀ ਬਾਈਬਲ ਵਿਚ ਲਿਖੇ ਅਨੁਸਾਰ ਕੱਪੜੇ ਵਾਂਗ ਵਲ੍ਹੇਟਿਆ ਜਾ ਸਕਦਾ ਹੈ ਅਤੇ ਪਹਾੜ ਅਤੇ ਟਾਪੂ, ਭੂਚਾਲ ਅਤੇ ਜਵਾਲਾਮੁਖੀ ਦੇ ਹਮਲੇ ਨਾਲ ਹਿੱਲ ਜਾਣਗੇ।

ਭਿਆਨਕ ਤਬਾਹੀ ਵੇਲੇ, ਲੋਕ ਆਪਣੇ ਘਰ-ਬਾਰ ਛੱਡ ਕੇ ਪਹਾੜਾਂ ਵਿੱਚ ਲੁਕਣਗੇ ਅਰ ਉਨ੍ਹਾਂ ਨੂੰ ਆਪਣੇ ਉੱਤੇ ਡਿੱਗਣ ਲਈ ਵੀ ਕਹਿਣਗੇ! ਉਨ੍ਹਾਂ ਦਿਨਾਂ ਵਿੱਚ, ਮੌਤ ਵੀ ਉਨ੍ਹਾਂ ਤੋਂ ਦੂਰ ਨੱਸੇਗੀ।

ਜਿਵੇਂ ਕਿ ਪਰਕਾਸ਼ ਦੀ ਪੋਥੀ 13:16-18 ਵਿੱਚ ਕਿਹਾ ਗਿਆ ਹੈ, ਦੁਨੀਆਂ ਦੇ ਹਰ ਵਿਅਕਤੀ, ਵੱਡੇ ਜਾਂ ਛੋਟੇ ਨੂੰ ਆਪਣੇ ਸੱਜੇ ਹੱਥ ਜਾਂ ਮੱਥੇ ਉੱਤੇ ਇੱਕ ਮੋਹਰ ਲਗਾਉਣੀ ਪਵੇਗੀ।ਇਸਦੇ ਲਈ ਮਸੀਹ ਵਿਰੋਧੀ ਦੇ ਏਜੰਟ ਹੁਣ ਹਰ ਵਿਅਕਤੀ ਦੇ ਰਿਕਾਰਡ ਨੂੰ ਡਿਜੀਟਲ ਕਰਨ ਵਿੱਚ ਰੁੱਝੇ ਹੋਏ ਹਨ। ਲਗਭਗ ਸਾਰੇ ਦੇਸ਼ ਪਹਿਲਾਂ ਹੀ ਆਧਾਰ ਵਰਗੇ ਕਾਰਡ ਜਾਰੀ ਕਰ ਚੁੱਕੇ ਹਨ। ਮੋਬਾਈਲ ਨੰਬਰ, ਬੈਂਕ ਖਾਤਾ ਨੰਬਰ ਨੂੰ 16 ਅੰਕਾਂ ਦਾ ਨੰਬਰ ਬਣਾਉਣ ਲਈ ਕੰਮ ਕੀਤਾ ਜਾ ਰਿਹਾ ਹੈ ਜਿਸ ਵਿੱਚੇ ਦੋ ਕੰਪਿਊਟਰ ਕੋਡ ਜੋੜ ਕੇ ਇਸਨੂੰ 18 ਅੰਕਾਂ ਦਾ ਬਣਾ ਦਿੱਤਾ ਜਾਵੇਗਾ। ਜੇਕਰ 18 ਅੰਕਾਂ ਦੀ ਸੰਖਿਆ ਦੀ ਗਣਨਾ ਕੀਤੀ ਜਾਵੇ, ਤਾਂ ਇਹ 666 ਦੀ ਵਿਲੱਖਣ ਸੰਖਿਆ ਦੇਵੇਗਾ, ਜੋ ਕਿ ਪਸ਼ੂ ਦਾ ਅੰਕ ਹੈ। ਇਹ ਸਾਰੇ ਵੇਰਵੇ ਇੱਕ ਬਾਇਓਚਿੱਪ ਵਿੱਚ ਫੀਡ ਕੀਤੇ ਜਾ ਰਹੇ ਹਨ ਅਤੇ ਕਿਹਾ ਜਾਂਦਾ ਹੈ ਕਿ ਇਹ ਚਿੱਪ ਸੱਜੇ ਹੱਥ ਜਾਂ ਮੱਥੇ 'ਤੇ ਲਗਾਏ ਜਾਣ ਲਈ ਤਿਆਰ ਹੈ! ਮਸੀਹ ਵਿਰੋਧੀ ਦੇ ਏਜੰਟ ਚਿੱਪ ਨੂੰ ਲਗਾਉਣ ਲਈ ਇੱਕ ਢੁਕਵੇਂ ਸਮੇਂ ਦੀ ਉਡੀਕ ਕਰ ਰਹੇ ਹਨ!

ਸੱਤ ਸਾਲਾਂ ਦੀ ਬਿਪਤਾ ਲਈ ਸਭ ਤਿਆਰ ਹੋ ਚੁਕੱ ਹੈ। ਛੇਵੀਂ ਮੋਹਰ ਵੀ ਖੁਲੱ ਗਈ ਹੈ ਤੇ ਇਸਦਾ ਅਸਰ ਵੀ ਮਹਿਸੂਸ ਕੀਤਾ ਜਾ ਰਿਹਾ ਹੈ! ਵੱਡੇ ਨਤੀਜੇ ਆਉਣੇ ਅਜੇ ਬਾਕੀ ਹਨ। ਆਉਣ ਵਾਲੀ ਤਬਾਹੀ ਨੂੰ ਪ੍ਰਮੇਸ਼ਵਰ ਦੇ ਇੱਕ ਸੇਵਕ ਦੁਆਰਾ ਇੱਕ ਗੀਤ ਵਿੱਚ ਦਰਸਾਇਆ ਗਿਆ ਹੈ:

1. ਸਵਰਗ ਵਿੱਚ ਪਰਮੇਸ਼ੁਰ ਦੀ ਫੌਜ
ਲ਼ੱਖਾਂ-ਲੱਖਾਂ ਵਿੱਚ ਪ੍ਰਗਟ ਹੁੰਦੀ ਹੈ
ਗੁਫਾਵਾਂ ਵੱਲ ਭੀੜਾਂ ਦੌੜਦੀਆਂ ਹਨ

(ਚਲਦਾ ਸਫਾ 9-)



# ਟੋਏ ਤੋਂ ਮਹੱਲ ਤੱਕ

## PIT TO PALACE

(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜਿੰਦਗੀ ਦੇ ਅਨੁਭਵ)

**“ਜਿਹੜਾ ਪੜ੍ਹੇ, ਉਹ ਸਮਝੇ”** (ਮੱਤੀ ੨੪:੧੫)

## ਪ੍ਰਮੇਸ਼ਵਰ ਜੋ ਰਚਦਾ ਹੈ!

ਪ੍ਰਮੇਸ਼ਵਰ ਦੀ ਕਿਰਪਾ ਨਾਲ ਮੈਂ 1962 ਅਤੇ 1965 ਦੇ ਵਿਚਕਾਰ ਆਪਣੀ 9ਵੀਂ, 10ਵੀਂ ਅਤੇ 11ਵੀਂ ਜਮਾਤ ਦੀ ਪੜ੍ਹਾਈ ਏਰੇਨੀਅਲ ਸਰਕਾਰੀ ਹਾਈ ਸਕੂਲ ਵਿੱਚ ਕੀਤੀ, ਜੋ ਕਿ ਮੇਰੇ ਜੱਦੀ ਪਿੰਡ ਦੇ ਨੇੜੇ ਸੀ। ਉਸ ਤੋਂ ਬਾਅਦ ਮੈਂ ਆਪਣਾ ਪ੍ਰੀ ਯੂਨੀਵਰਸਿਟੀ ਕੋਰਸ (P.U.C.) ਲਕਸ਼ਮੀਪੁਰਮ ਕਾਲਜ ਆਫ਼ ਆਰਟਸ ਐਂਡ ਸਾਇੰਸ ਤੋਂ ਕੀਤਾ, ਜੋ ਕਿ ਮੇਰੇ ਪਿੰਡ ਦੇ ਹੀ ਨੇੜੇ ਸੀ।



Rev. Dr. A. Selvaraj

ਰੇਵ. ਡਾ. ਏ. ਸੇਲਵਾਰਾਜ ਜੋ ਹੁਣ ਯਰਕੌਡ ਵਿੱਚ ਪ੍ਰਭੂ ਦੀ ਸੇਵਾ ਕਰ ਰਹੇ ਹਨ ਜਮੁਨਾ ਮਰਥੁਰ ਵਿੱਚ ਆਦਿਵਾਸੀਆਂ ਲਈ ਲੰਬੇ ਸਮੇਂ ਤੋਂ ਮਿਸ਼ਨਰੀ ਵਜੋਂ ਕੰਮ ਕਰ ਰਹੇ ਸਨ। ਉਹ ਮੇਰੇ ਨਾਲ ਹਾਈ ਸਕੂਲ ਵਿੱਚ ਪੜ੍ਹਦੇ ਸਨ। ਉਹ ਮੇਰੇ ਆਤਮਿਕ ਰੋਲ ਮਾਡਲ ਰਹੇ।

ਉਹ ਸਿਰਫ਼ ਮੇਰੇ ਦੋਸਤ ਹੀ ਨਹੀਂ ਸਨ; ਉਨ੍ਹਾਂ ਮੇਰੀ ਸੇਵਕਾਈ ਵਿਚ ਵੀ ਮੈਨੂੰ ਉਤਸ਼ਾਹਿਤ ਕੀਤਾ। ਉਸਨਾਂ ਮੇਰੀ ਪ੍ਰਾਰਥਨਾ ਜੀਵਨ ਵਿੱਚ ਵੀ ਮੈਨੂੰ ਪ੍ਰੇਰਿਤ ਕੀਤਾ ਅਤੇ ਅਧਿਆਤਮਿਕ ਤੌਰ 'ਤੇ ਵਿਕਾਸ ਕਰਨ ਵਿੱਚ ਮੇਰੀ ਮਦਦ ਕੀਤੀ। ਪਰਮੇਸ਼ੁਰ ਸਾਨੂੰ ਸੰਸਾਰ, ਸ਼ਰੀਰ ਅਤੇ ਸ਼ੈਤਾਨ ਵਰਗੀਆਂ ਵਿਰੋਧੀ ਤਾਕਤਾਂ ਤੋਂ ਦੂਰ ਲੈ ਗਿਆ। ਪ੍ਰਭੂ ਨੇ ਸਾਨੂੰ ਫਿਲਮਾਂ, ਦੁਨਿਆਵੀ ਮਨੋਰੰਜਨ, ਬੁਰੀਆਂ ਆਦਤਾਂ ਅਤੇ ਨਸ਼ਿਆਂ ਦੇ ਗੁਲਾਮ ਨਾ ਬਣਨ ਦਿੱਤਾ ਅਰ ਯਹੋਵਾਹ ਪਰਮੇਸ਼ੁਰ ਨੇ ਪਵਿੱਤਰ ਜੀਵਨ ਵਿੱਚ ਵਧਣ ਵਿੱਚ ਸਾਡੀ ਮਦਦ ਕੀਤੀ।

ਉਸ ਸਮੇਂ ਦੌਰਾਨ ਮੇਰਾ ਪਰਿਵਾਰ ਆਰਥਿਕ ਤੌਰ 'ਤੇ ਕਮਜ਼ੋਰ ਸੀ। ਇਸ ਲਈ ਮੇਰੀ ਮਾਸੀ ਸ਼੍ਰੀਮਤੀ ਰੋਜ਼ਲੇਟ ਦੇਵਕਦਕਸ਼ਮ ਜਦੋਂ ਮੈਂ ਕਾਲਜ ਵਿੱਚ ਸੀ, ਹਰ ਰੋਜ਼ ਦੁਪਹਿਰ ਦਾ ਖਾਣਾ ਮੈਨੂੰ ਖਿਲਾਉਂਦੀ ਸੀ। ਉਹ ਉਦਰਵਿਲਾਈ ਨਾਮਕ ਸਥਾਨ ਵਿੱਚ ਰਹਿੰਦੀ ਸੀ। ਉਨ੍ਹਾਂ ਦੇ ਬੱਚਿਆਂ, ਬ੍ਰ. ਪ੍ਰਿੰਸ, ਸਿਸ. ਜੈਸਮੀਨ ਫਲੋਰਲ, ਬ੍ਰ. ਵਾਈਸ ਅਤੇ ਮੇਰੀ ਛੋਟੀ ਭੈਣ ਡੌਟੀ ਨੇ ਮੇਰੀ ਬਹੁਤ ਚੰਗੀ ਤਰ੍ਹਾਂ ਦੇਖਭਾਲ ਕੀਤੀ, ਜਿਵੇਂ ਕਿ ਉਹ ਇੱਕ ਛੋਟੇ ਯਿਸੂ ਲਈ ਸੇਵਾ ਕਰ ਰਹੇ ਸਨ। ਰੱਬ ਦਾ ਡਰ ਮੰਨਣਾ ਉਨ੍ਹਾਂ ਦੀ ਜੀਵਨ ਸ਼ੈਲੀ ਸੀ ਅਤੇ ਮੈਂ ਇਹ ਉਨ੍ਹਾਂ ਤੋਂ ਸਿੱਖਿਆ ਹੈ।

ਇਸ ਸਮੇਂ ਮੇਰੇ ਅੰਦਰ ਇੱਕ ਬਹੁਤ ਵੱਡੀ ਇੱਛਾ ਪੈਦਾ ਹੋਣ ਲੱਗੀ। ਇਹ ਮੇਰੀ ਗਹਿਰੀ ਇੱਛਾ ਸੀ ਕਿ ਮੈਂ ਇੱਕ ਬੇਦਾਗ ਵਿਅਕਤੀ ਅਤੇ ਉੱਚ ਚਰਿੱਤਰ ਵਾਲਾ ਆਦਮੀ ਬਣਾਂ। ਮੈਂ ਹਮੇਸ਼ਾ ਉਸ ਪ੍ਰਭੂ ਪ੍ਰਮੇਸ਼ਵਰ, ਜਿਸ ਨੇ ਇਹ ਸੰਸਾਰ ਬਣਾਇਆ ਅਤੇ ਸਭ ਕੁਝ ਪ੍ਰਦਾਨ ਕਰਦਾ ਹੈ ਲਈ ਕੁਝ ਚੰਗਾ ਕੰਮ ਕਰਨ ਦੀ ਕਾਮਨਾ ਕਰਦਾ ਸੀ।(ਫ਼ਿਲਿੱਪੀਆਂ 2:13) ਦੇ ਅਨੁਸਾਰ, "ਕਿਉਂ ਜੋ ਪਰਮੇਸ਼ੁਰ ਹੀ ਹੈ ਜੋ ਤੁਹਾਡੇ ਵਿੱਚ ਮਨਸ਼ਾ ਅਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰ ਲਈ ਪੈਦਾ ਕਰਦਾ ਹੈ” ਮੈਂ ਇਮਾਨਦਾਰੀ ਨਾਲ ਜੀਣਾ ਚਾਹੁੰਦਾ ਸੀ ਅਤੇ ਮੈਂ ਆਪਣੇ ਅੰਦਰ ਪਰਮੇਸ਼ੁਰ ਲਈ ਕੁਝ ਮਹਾਨ ਕੰਮ ਕਰਨ ਦਾ ਟੀਚਾ ਪੈਦਾ ਕੀਤਾ। ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਮੈਂ ਆਪਣੇ ਦੁਨਿਆਵੀ ਦੋਸਤਾਂ, ਰਿਸ਼ਤੇਦਾਰਾਂ ਅਤੇ ਇੱਥੋਂ ਤੱਕ ਕਿ ਸੰਪਤੀ ਵੀ ਤਿਆਗਣ ਲਈ ਤਿਆਰ ਹੋ ਗਿਆ। ਮੈਂ ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਛੱਡ ਵੀ ਦਿੱਤਾ।

ਇਸ ਲਈ ਮੇਰੇ ਜਵਾਨੀ ਦੇ ਦਿਨਾਂ ਤੋਂ ਮੈਨੂੰ ਪ੍ਰਮੇਸ਼ਵਰ ਅਤੇ ਉਸ ਨਾਲ ਸਬੰਧਤ ਕੰਮਾਂ ਤੋਂ ਇਲਾਵਾ ਕਿਸੇ ਹੋਰ ਚੀਜ਼ ਵਿਚ ਦਿਲਚਸਪੀ ਨਹੀਂ ਸੀ। ਮੈਨੂੰ ਦੁਨੀਆਂਦਾਰੀ ਦੀਆਂ ਬਹੁਤੀਆਂ ਗੱਲਾਂ ਦਾ ਪਤਾ ਹੀ ਨਹੀਂ ਸੀ। ਮੇਰੇ ਸਕੂਲ ਦੇ ਕੁਝ ਅਧਿਆਪਕਾਂ ਨੇ ਸੋਚਿਆ ਕਿ ਮੈਂ ਇੱਕ ਸੁਸਤ ਵਿਦਿਆਰਥੀ ਹਾਂ ਅਤੇ ਇਸ ਲਈ ਉਨ੍ਹਾਂ ਨੇ ਮੇਰੇ ਉਸੇ ਤਰ੍ਹਾਂ ਦਾ ਵਿਵਹਾਰ ਕੀਤਾ। ਪਰ "... ਮੈਂ ਤੁਹਾਡੇ ਵਿਚ ਯਿਸੂ ਮਸੀਹ ਸਗੋਂ ਸਲੀਬ ਦਿੱਤੇ ਹੋਏ ਮਸੀਹ ਤੋਂ ਬਿਨਾਂ ਹੋਰ ਕੁਝ ਨਾ ਜਾਣਾਂ" (1 ਕੁਰਿੰਥੀਆਂ 2:2)। ਪ੍ਰਭੂ ਨੇ ਮੇਰੇ ਦਿਮਾਗ਼ ਅਤੇ ਦਿਲ ਨੂੰ ਸਿਰਫ਼ ਉਸ ਬਾਰੇ ਸੋਚਣ ਅਤੇ ਉਸ ਅਨੁਸਾਰ ਜੀਉਣ ਲਈ ਬਣਾਇਆ ਸੀ। ਪਵਿੱਤਰ ਆਤਮਾ ਨੇ ਮੇਰੀ ਮਦਦ ਕੀਤੀ ਕਿ ਮੈਂ ਆਪਣੀ ਸਥਿਤੀ ਨੂੰ ਇੱਕ ਸੁਭਾਗ ਸਮਝਾਂ ਨਾ ਕਿ ਕਮਜ਼ੋਰੀ।



*S. Sam Selva Raj*
*(Age : 18)*

ਉਦਾਹਰਨ ਲਈ, ਜੇ ਮੈਨੂੰ ਸਕੂਲ ਵਿੱਚ ਜਾਂ ਸਫ਼ਰ ਦੌਰਾਨ ਅਚਾਨਕ ਕੋਈ ਫ਼ਿਲਮ ਦੇਖਣੀ ਪੈ ਜਾਂਦੀ ਜਾਂ ਮੈਂ ਕੋਈ ਦੁਨਿਆਵੀ ਕਹਾਣੀ ਸੁਣਦਾ, ਤਾਂ ਭਾਵੇਂ ਮੇਰੀਆਂ ਅੱਖਾਂ ਉਹਨਾਂ ਵੇਖਦੀਆਂ ਅਤੇ ਕੰਨ ਉਹਨਾਂ ਨੂੰ ਸੁਣਦੇ ਪਰੰਤੂ ਉਸ ਵਿੱਚੋਂ ਕੁਝ ਵੀ ਮੇਰੇ ਦਿਮਾਗ ਜਾਂ ਦਿਲ ਵਿੱਚ ਨਹੀਂ ਪਹੁੰਚਦਾ ਸੀ। ਮੈਂ ਮਹਿਸੂਸ ਕਰ ਸਕਦਾ ਹਾਂ ਕਿ ਸੰਸਾਰ ਦੀਆਂ ਅਜਿਹੀਆਂ ਚੀਜ਼ਾਂ ਲਈ ਮੇਰੇ ਅੰਦਰ ਇੱਕ ਖਾਸ ਕਿਸਮ ਦੀ ਅਸਵੀਕਾਰਤਾ ਕੰਮ ਕਰ ਰਹੀ ਹੈ। ਅਜਿਹਾ ਜੋ ਕੁਝ ਵੀ ਮੈਂ ਵੇਖਦਾ ਜਾਂ ਸੁਣਦਾ ਹਾਂ ਉਹ ਮੇਰੇ ਦਿਲ ਵਿੱਚੋਂ ਮਿਟ ਜਾਂਦਾ ਹੈ। ਮੈਂ ਜੋ ਦੇਖਿਆ ਜਾਂ ਸੁਣਿਆ ਸੀ, ਉਸ ਵਿੱਚੋਂ ਕੁਝ ਵੀ ਮੈਨੂੰ ਯਾਦ ਨਹੀਂ। “... ਮੈਂ ਬੁੱਧਵਾਨਾਂ ਦੀ ਬੁੱਧੀ ਦਾ ਨਾਸ ਕਰਾਂਗਾ ਅਤੇ ਚਤਰਿਆਂ ਦੀ ਚਤਰਾਈ ਨੂੰ ਰੱਦ ਕਰਾਂਗਾ (1 ਕੁਰਿੰਥੀਆਂ 1:19)।

ਸੰਸਾਰਕ ਲੋਕ ਮੈਨੂੰ ਨਾਸਮਝ ਸਮਝਦੇ ਸਨ। ਪਰ ਮੈਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਸੀ। ਮੇਰਾ ਦਿਲ ਚੰਗੀ ਤਰ੍ਹਾਂ ਜਾਣਦਾ ਸੀ ਕਿ ਸਰਬਸ਼ਕਤੀਮਾਨ ਪ੍ਰਭੂ ਮੇਰੇ ਅੰਦਰ ਵੱਸਦਾ ਹੈ, ਅਤੇ ਉਹ ਮੈਨੂੰ ਉੱਚੇ ਪੱਧਰ ਅਤੇ ਉੱਚੇ ਸਥਾਨ ਵੱਲ ਲੈ ਜਾ ਰਿਹਾ ਹੈ। ਦੁਨਿਆਵੀ ਕਹਾਵਤ, "ਚੁਰਾਉਣਾ ਸਿੱਖੋ ਅਤੇ ਇਸਨੂੰ ਭੁੱਲ ਜਾਓ" ਮੇਰੇ 'ਤੇ ਲਾਗੂ ਨਹੀਂ ਹੋਈ। ਭਾਵੇਂ ਮੈਂ ਇਸ ਸੰਸਾਰ ਵਿੱਚ ਰਹਿ ਰਿਹਾ ਸੀ, ਪਰ ਰੱਬ ਨੇ ਮੈਨੂੰ ਇੱਕ ਵੱਖਰਾ ਜੀਵਨ ਜਿਉਣ ਦੀ ਸਿਖਲਾਈ ਦਿੱਤੀ। ਪਰ ਜਿਵੇਂ ਲਿਖਿਆ ਹੋਇਆ ਹੈ: “ਜਿਹੜੀਆਂ ਵਸਤਾਂ ਅੱਖੀਂ ਨਾਂ ਵੇਖੀਆਂ ਨਾਂ ਕੰਨੀਂ ਸੁਣੀਆਂ ਨਾ ਇਨਸਾਨ ਦੇ ਮਨ ਵਿੱਚ ਆਈਆਂ ਜਿਹੜੀਆਂ ਵਸਤਾਂ ਪ੍ਰਮੇਸ਼ਵਰ ਨੇ ਆਪਣੇ ਪ੍ਰੇਮੀਆਂ ਲਈ ਤਿਆਰ ਕੀਤੀਆਂ। ਉਨ੍ਹਾਂ ਨੂੰ ਪ੍ਰਮੇਸ਼ਵਰ ਨੇ ਆਤਮਾ ਦੇ ਦੁਆਰਾ ਸਾਡੇ ਉੱਤੇ ਪ੍ਰਗਟ ਕੀਤਾ ਕਿਉਂ ਜੋ ਆਤਮਾ ਸਾਰੀਆਂ ਵਸਤਾਂ ਦੀ ਅਰ ਸਗੋਂ ਪ੍ਰਮੇਸ਼ਵਰ ਦੀਆਂ ਡੂੰਗੀਆਂ ਗੱਲਾਂ ਦੀ ਜਾਂਚ ਕਰ ਲੈਂਦਾ ਹੈ, ਮਨੁੱਖ ਦੇ ਆਤਮਾ ਤੋਂ ਬਿਨਾਂ ਜੋ ਉਹ ਦੇ ਅੰਦਰ ਹੈ ਮਨੁੱਖਾਂ ਵਿੱਚੋਂ ਮਨੁੱਖ ਦੀਆਂ ਗੱਲਾਂ ਕੌਣ ਜਾਣਦਾ ਹੈ? ਇਸੇ ਪ੍ਰਕਾਰ ਪ੍ਰਮੇਸ਼ਵਰ ਦੇ ਆਤਮਾ ਤੋਂ ਬਿਨਾਂ ਪ੍ਰਮੇਸ਼ਵਰ ਦੀਆਂ ਗੱਲਾਂ ਕੋਈ ਨਹੀਂ ਜਾਣਦਾ। ਪਰ ਸਾਨੂੰ ਜਗਤ ਦਾ ਆਤਮਾ ਨਹੀਂ ਸਗੋਂ ਉਹ ਆਤਮਾ ਮਿਲਿਆ ਜਿਹੜਾ ਪ੍ਰਮੇਸ਼ਵਰ ਤੋਂ ਹੈ ਤਾਂ ਜੋ ਅਸੀਂ ਉਨ੍ਹਾਂ ਪਦਾਰਥਾਂ ਨੂੰ ਜਾਣੀਏ ਜਿਹੜੇ ਪ੍ਰਮੇਸ਼ਵਰ ਨੇ ਸਾਨੂੰ ਬਖ਼ਸ਼ੇ ਹਨ”।(1 ਕੁਰਿੰਥੀਆਂ 2:9-12)।

ਦਿੱਤੇ ਗਏ ਹਾਲਾਤਾਂ ਵਿੱਚ ਮਰਹੂਮ ਮਿਸਟਰ ਸੀ. ਸੇਲਵਮ, **“Commercial Institute, Neyyoor”** ਦੇ ਸੰਸਥਾਪਕ ਸਮਝ ਗਏ ਕਿ ਮੇਰੇ ਜੀਵਨ ਵਿੱਚ ਪ੍ਰਮੇਸ਼ਵਰ ਦਾ ਇੱਕ ਖਾਸ ਮਕਸਦ ਸੀ ਅਤੇ ਉਹ ਮੈਨੂੰ ਕੁਝ ਮਹਾਨ ਕਰਨ ਲਈ ਆਕਾਰ ਦੇਣ ਜਾ ਰਿਹਾ ਸੀ। ਉਹ ਮੇਰੇ ਪਿਤਾ ਜੀ ਦੇ ਦੋਸਤ ਸਨ। ਉਹ ਮੇਰੇ ਆਰਥਿਕ ਪਿਛੋਕੜ ਨੂੰ ਜਾਣਦੇ ਸਨ ਅਤੇ ਉਨ੍ਹਾਂ ਮੈਨੂੰ ਅੰਗਰੇਜ਼ੀ ਅਤੇ ਤਾਮਿਲ ਦੋਵਾਂ ਭਾਸ਼ਾਵਾਂ ਵਿੱਚ ਦਫ਼ਤਰ ਪ੍ਰਸ਼ਾਸਨ, ਟਾਈਪ-ਰਾਈਟਿੰਗ ਅਤੇ ਸ਼ਾਰਟ-ਹੈਂਡ



**Mr. C. Selvam**


Mr. Gilbert Roy

ਰਾਈਟਿੰਗ ਸਿੱਖਣ ਅਤੇ ਉਸ ਵਿੱਚ ਮੁਹਾਰਤ ਹਾਸਲ ਕਰਨ ਵਿੱਚ ਮਦਦ ਕੀਤੀ। ਉਨ੍ਹਾਂ ਮੇਰੇ ਤੋਂ ਕੋਈ ਫੀਸ ਨਹੀਂ ਲਈ। ਉਹ ਮੈਨੂੰ ਅਕਸਰ ਕਿਹਾ ਕਰਦੇ ਸਨ, "ਤੂੰ ਇੱਕ ਦਿਨ ਰੱਬ ਦਾ ਇੱਕ ਸ਼ਕਤੀਸ਼ਾਲੀ ਸੇਵਕ ਅਤੇ ਇੱਕ ਚੰਗਾ ਪ੍ਰਸ਼ਾਸਕ ਬਣ ਜਾਵੇਗਾ!" ਇਸ ਤੋਂ ਇਲਾਵਾ, ਉਨ੍ਹਾਂ ਆਪਣੇ ਸਹਾਇਕ, ਮਿਸਟਰ ਗਿਲਬਰਟ ਰਾਏ ਨੂੰ ਕਿਹਾ ਕਿ ਉਹ ਮੇਰੀ ਚੰਗੀ ਤਰ੍ਹਾਂ ਦੇਖਭਾਲ ਕਰਨ। ਮਿਸਟਰ ਗਿਲਬਰਟ ਰਾਏ ਹੁਣ ਕੰਨਿਆਕੁਮਾਰੀ ਕ੍ਰਿਸ਼ਚੀਅਨ ਫੋਰਮ ਚੇਨਈ ਦੇ ਪ੍ਰਧਾਨ ਹਨ। ਉਨ੍ਹਾਂ ਮੈਨੂੰ ਏਮਿਅੰਮਾ ਸੰਨਿਆਸੀਨੀ ਅੰਮਾਲ ਦੀ ਦੇਖ-ਰੇਖ ਵਿੱਚ ਸੌਂਪ ਦਿੱਤਾ ਜੋ ਕਿ ਇੱਕ ਸਮਰਪਿਤ ਅਤੇ ਪ੍ਰਮੇਸ਼ਵਰ ਦੀ ਬਜ਼ੁਰਗ ਸੇਵਿਕਾ ਸੀ।

"ਕੀ ਘੁਮਿਆਰ ਨੂੰ ਮਿੱਟੀ ਉੱਤੇ ਇਹ ਅਧਿਕਾਰ ਨਹੀਂ ਹੈ ਕਿ ਉਹ ਇੱਕੋ ਗੰਢ ਤੋਂ ਇੱਕ ਭਾਂਡਾ ਆਦਰ ਲਈ ਅਤੇ ਦੂਜਾ ਨਿਰਾਦਰ ਲਈ ਬਣਾਵੇ?" (ਰੋਮੀਆਂ 9:21)। ਇਸ ਆਯਤ ਦੇ ਅਨੁਸਾਰ ਪ੍ਰਮੇਸ਼ਵਰ ਨੇ ਮੈਨੂੰ ਆਕਾਰ ਦੇਣਾ ਸ਼ੁਰੂ ਕਰ ਦਿੱਤਾ। ***

(ਚਲਦਾ ਸਫਾ 7 ਤੋਂ)

ਤਾਰੇ ਸਥਿਤੀ ਬਦਲ ਰਹੇ ਹਨ
ਧਰਤੀ ਉੱਤੇ ਥਾਂ ਥਾਂ ਡਿੱਗ ਪੈਂਦੇ ਹਨ।
ਪਰ ਮੈਂ ਆਪਣੇ ਪ੍ਰੀਤਮ ਨੂੰ ਮਿਲਦਾ ਹਾਂ
ਨੱਚਦਾ ਤੇ ਗਾਉਂਦਾ ਹਾਂ।
ਹਲਲੂਯਾਹ! ਹਲਲੂਯਾਹ !! (8 ਵਾਰ).
2. ਪੰਜ ਮਹਾਂਦੀਪਾਂ ਦੇ ਸਾਰੇ ਖੇਤਰ
ਖਤਮ ਹੋ ਜਾਣਗੇ!
ਘੋਰ ਹਨੇਰਾ ਹੈ! ਬਿਜਲੀ ਚਮਕਦੀ ਹੈ!
ਰੋਣਾ ਅਤੇ ਕੁਰਲਾਉਣਾ ਹੈ!
ਪਰ ਗਵਾਹੀਆਂ ਦਾ ਗੀਤ
ਸੰਤ ਸੁਣਾਉਂਦੇ ਨੇ।
3. ਸਮੁੰਦਰ ਗਰਜਦਾ ਹੈ, ਸੀਮਾਵਾਂ ਤੋੜਦਾ ਹੈ
ਜਹਾਜ਼ ਡੁੱਬਦੇ ਭਾਰੀ ਤਬਾਹੀ ਹੈ!
ਆਵਾਜਾਈ ਠੱਪ ਹੈ
ਅਤੇ ਕੋਈ ਹੋਰ ਸੰਸਾਰ ਨਾ ਹੋਵੇਗਾ!
ਪਰਮੇਸ਼ੁਰ ਦਾ ਇਹ ਅਟੱਲ ਬਚਨ ਹੈ
ਦੱਸੀਆਂ ਗੱਲਾਂ ਪੂਰੀਆਂ ਹੋਣਗੀਆਂ। - ਜੇ ਐਮਿਲ ਜੇਬਾ ਸਿੰਘ

## ਪ੍ਰਭੂ ਦਾ ਦਿਨ!

ਸਾਡਾ ਪ੍ਰਭੂ ਯਿਸੂ ਮਸੀਹ ਪਹਿਲਾਂ ਇਸ ਸੰਸਾਰ ਵਿੱਚ ਲਗਭਗ 2000 ਸਾਲ ਪਹਿਲਾਂ ਨਿਮਰ ਮੁਕਤੀਦਾਤਾ ਵਜੋਂ, ਇੱਕ ਗਧੇ ਉੱਤੇ ਸਵਾਰ ਹੋ ਕੇ ਆਇਆ ਸੀ (ਜ਼ਕਰਯਾਹ 9:9)। ਪਰ ਉਸਦੀ ਦੂਜੀ ਆਮਦ ਦੌਰਾਨ ਉਹ ਆਪਣੇ ਸੰਤਾਂ ਨਾਲ ਜੈਤੂਨ ਪਹਾੜ 'ਤੇ ਉੱਤਰੇਗਾ (ਜ਼ਕਰਯਾਹ 14:4)। ਉਹ ਦਿਨ ਕ੍ਰੋਧ ਦਾ ਦਿਨ, ਮੁਸੀਬਤ ਅਤੇ ਬਿਪਤਾ ਦਾ ਦਿਨ ਹੋਵੇਗਾ!
ਉਹ ਦਿਨ ਕਹਿਰ ਦਾ ਦਿਨ ਹੈ,
ਦੁੱਖ ਅਤੇ ਬਿਪਤਾ ਦਾ ਦਿਨ,
ਬਰਬਾਦੀ ਅਤੇ ਵਿਰਾਨੀ ਦਾ ਦਿਨ,
ਹਨੇਰੇ ਅਤੇ ਘੋਰ ਅੰਧਕਾਰ ਦਾ ਦਿਨ,

ਬੱਦਲਾਂ ਅਤੇ ਕਾਲੀਆਂ ਘਟਾਂ ਦਾ ਦਿਨ।
ਯਹੋਵਾਹ ਦੇ ਕਹਿਰ ਦੇ ਦਿਨ ਵਿੱਚ
ਉਨ੍ਹਾਂ ਦੀ ਚਾਂਦੀ ਜਾਂ ਸੋਨਾ
ਉਨ੍ਹਾਂ ਨੂੰ ਬਚਾ ਨਾ ਸਕਣਗੇ (ਸਫ਼ਨਯਾਹ 1:15,18)
"ਵੇਖੋ, ਉਹ ਬੱਦਲਾਂ ਦੇ ਨਾਲ ਆ ਰਿਹਾ ਹੈ, ਅਤੇ ਹਰ ਅੱਖ ਉਸਨੂੰ ਵੇਖੇਗੀ, ਅਤੇ ਜਿਨ੍ਹਾਂ ਉਸਨੂੰ ਵਿੰਨ੍ਹਿਆ ਸੀ ਉਹ ਵੀ ਵੇਖਣਗੇ ਅਤੇ ਧਰਤੀ ਦੀਆਂ ਸਾਰੀਆਂ ਕੌਮਾਂ ਉਸਦੇ ਕਾਰਨ ਪਿੱਟਣਗੀਆਂ। ਹਾਂ, ਆਮੀਨ"। (ਪਰਕਾਸ਼ ਦੀ ਪੋਥੀ 1:7)।
ਸਾਡਾ ਪ੍ਰਭੂ ਯਿਸੂ ਮਸੀਹ ਮਸੀਹ ਵਿਰੋਧੀ ਦੇ ਸੱਤ ਸਾਲਾਂ ਦੇ ਕੁਸ਼ਾਸਨ ਤੋਂ ਤੁਰੰਤ ਬਾਅਦ ਜੈਤੂਨ ਦੇ ਪਹਾੜ 'ਤੇ ਉਤਰੇਗਾ। ਯਿਸੂ ਦੇ ਪਹਿਲੇ ਆਗਮਨ ਵਿੱਚ ਉਹ ਸੰਸਾਰ ਦੇ ਮੁਕਤੀਦਾਤਾ ਦੇ ਰੂਪ ਵਿੱਚ ਆਇਆ, ਨਿਮਰ ਅਤੇ ਦੀਨ, ਪਰ ਉਸਦੇ ਦੂਜੇ ਆਗਮਨ ਦੌਰਾਨ, ਉਹ ਰਾਜਿਆਂ ਦੇ ਰਾਜਾ ਅਤੇ ਧਰਮੀ ਨਿਆਂਈਂ ਵਜੋਂ ਆਵੇਗਾ। ਉਹ ਸਫ਼ੇਦ ਘੋੜਿਆਂ 'ਤੇ ਸਵਾਰ ਸਵਰਗੀ ਫੌਜਾਂ ਨਾਲ ਸੈਂਕੜੇ ਹਜ਼ਾਰਾਂ ਸੰਤਾਂ ਦੇ ਨਾਲ ਇੱਕ ਨੁਕਰੇ ਘੋੜੇ 'ਤੇ ਸਵਾਰ ਹੋ ਕੇ ਆਵੇਗਾ (ਪ੍ਰਕਾਸ਼ ਦੀ ਪੋਥੀ 19:11-14)।
"ਕਿਉਂਕਿ ਉਹ ਆ ਰਿਹਾ ਹੈ, ਉਹ ਧਰਤੀ ਦਾ ਨਿਆਂ ਕਰਨ ਲਈ ਆ ਰਿਹਾ ਹੈ।
ਉਹ ਧਰਮ ਨਾਲ ਸੰਸਾਰ ਦਾ,
ਅਤੇ ਲੋਕਾਂ ਦਾ ਆਪਣੀ ਸੱਚਾਈ ਨਾਲ ਨਿਆਂ ਕਰੇਗਾ" (ਜ਼ਬੂਰ 96:13)।
ਸੰਤਾਂ ਦੇ ਉਠਾਏ ਜਾਣ ਨਾਲ, ਕਿਰਪਾ ਦਾ ਸਮਾਂ ਖਤਮ ਹੋ ਜਾਵੇਗਾ ਅਤੇ ਲੋਕਾਂ ਦਾ ਉਹਨਾਂ ਦੇ ਕੰਮਾਂ ਅਨੁਸਾਰ ਨਿਆਂ ਕੀਤਾ ਜਾਵੇਗਾ! ਹੁਣ ਕੋਈ ਰਹਿਮ ਨਹੀਂ ਕੀਤਾ ਜਾਵੇਗਾ। ਜੇਕਰ ਕੋਈ ਵਿਅਕਤੀ ਬਚਣਾ ਵੀ ਚਾਹੇਗਾ ਤਾਂ ਵੀ ਬਚ ਨਹੀਂ ਪਾਵੇਗਾ ਕਿਉਂਕਿ ਕਿਰਪਾ ਦਾ ਸਮਾਂ ਖਤਮ ਹੋ ਚੁੱਕਾ ਹੋਵੇਗਾ। ਅਤੇ ਜੇਕਰ ਉਹ ਅਜੇ ਵੀ ਪ੍ਰਮਾਤਮਾ ਦੇ ਰਾਜ ਵਿੱਚ ਪ੍ਰਵੇਸ਼ ਕਰਨਾ ਚਾਹੁੰਦਾ ਹੈ, ਤਾਂ ਉਸਨੂੰ ਬਿਪਤਾ ਦੇ ਸਮੇਂ ਦੌਰਾਨ ਇੱਕ ਸ਼ਹੀਦ ਵਜੋਂ ਮਰਨਾ ਪਵੇਗਾ।
ਸਵਰਗਾਰੋਹਣ ਕਿਸੇ ਵੀ ਸਮੇਂ ਹੋ ਸਕਦਾ ਹੈ। ਇਸ ਲਈ ਇਹ ਮੁਕਤੀ ਲਈ ਢੁਕਵਾਂ ਦਿਨ ਹੈ।
ਮੁਕਤੀ ਪਰਮੇਸ਼ੁਰ ਦਾ ਸਭ ਤੋਂ ਵੱਡਾ ਤੋਹਫ਼ਾ ਹੈ (ਰੋਮੀਆਂ 6:23)। ਅਤੇ ਮੁਕਤੀ ਨਿੱਜੀ ਹੈ। ਹਰੇਕ ਮਨੁੱਖ ਨੂੰ ਮੁਕਤੀ ਪ੍ਰਾਪਤ ਕਰਨੀ ਚਾਹੀਦੀ ਹੈ। ਅੱਜ ਇਹ ਤੁਹਾਨੂੰ ਲੇਲੇ ਦੇ ਲਹੂ ਰਾਹੀਂ ਮੁਫ਼ਤ ਮਿਲਦੀ ਹੈ। ਸੰਸਾਰ ਵਿੱਚ ਜੀਵਨ ਅਤੇ ਮੌਤ ਦੋਵੇਂ ਹਨ! ਮੌਤ ਨੂੰ ਛੱਡੋ ਅਤੇ ਜੀਵਨ ਨੂੰ ਗਲੇ ਲਗਾਓ। ਇਸਦੇ ਲਈ ਤੁਹਾਨੂੰ ਯਿਸੂ ਵੱਲ ਦੇਖਣਾ ਪਵੇਗਾ, ਤੋਬਾ ਕਰਨੀ ਪਵੇਗੀ ਅਤੇ ਆਪਣੇ ਪਾਪ ਦਾ ਇਕਬਾਲ ਕਰਨਾ ਹੋਵੇਗਾ। ਪ੍ਰਭੂ ਯਿਸੂ ਮਸੀਹ ਆਪਣੇ ਬੇਦਾਗ ਲਹੂ ਦੁਆਰਾ ਤੁਹਾਡੇ ਪਾਪਾਂ ਨੂੰ ਧੋਣ ਲਈ ਵਫ਼ਾਦਾਰ ਹੈ। ਬਾਈਬਲ ਕਹਿੰਦੀ ਹੈ, ਯਿਸੂ ਮਸੀਹ ਦਾ ਲਹੂ ਸਾਨੂੰ ਸਾਰੇ ਪਾਪਾਂ ਤੋਂ ਸ਼ੁੱਧ ਕਰਦਾ ਹੈ (1 ਯੂਹੰਨਾ 1:7)। ਜੇ ਤੁਸੀਂ ਅਜਿਹਾ ਕਰਦੇ ਹੋ, ਤਾਂ ਤੁਸੀਂ ਨਿਆਂ ਦੇ ਦਿਨ ਪ੍ਰਭੂ ਦੇ ਕ੍ਰੋਧ ਤੋਂ ਬਚ ਸਕਦੇ ਹੋ ਕਿਉਂਕਿ ਸਾਰੇ ਅਧਰਮੀ, ਦੁਸ਼ਟ ਅਤੇ ਬਾਗੀਆਂ ਨੇ ਉਸ ਦੇ ਸਾਹਮਣੇ ਪੇਸ਼ ਹੋਣਾ ਹੈ ਅਤੇ ਆਪਣੇ ਸਾਰੇ ਕੰਮਾਂ ਦਾ ਲੇਖਾ ਦੇਣਾ ਹੈ। ਸਮਾਂ ਆ ਰਿਹਾ ਹੈ! ਅੱਜ ਹੀ ਕਦਮ ਉਠਾਓ!
ਸੰਸਾਰ ਮਸੀਹ ਵਿਰੋਧੀ ਦੇ ਆਉਣ ਲਈ ਤਿਆਰ ਹੈ। ਉਸਦੇ ਸੱਤ ਸਾਲਾਂ ਦੇ ਸ਼ਾਸਨ ਦੇ ਖਤਮ ਹੋਣ ਤੋਂ ਬਾਅਦ, ਪ੍ਰਭੂ ਯਿਸੂ ਮਸੀਹ ਰਾਜਾ ਅਤੇ ਧਰਮੀ ਜੱਜ ਦੇ ਰੂਪ ਵਿੱਚ ਆਵੇਗਾ ਅਤੇ ਮਸੀਹ ਵਿਰੋਧੀ ਅਤੇ ਉਸਦੀਆਂ ਸੈਨਾਵਾਂ ਨਾਲ ਲੜੇਗਾ। ਮਸੀਹ ਵਿਰੋਧੀ ਦੇ ਪਿੱਛੇ ਸ਼ੈਤਾਨ ਦੀ ਸ਼ਕਤੀ ਹੋਵੇਗੀ। ਪ੍ਰਭੂ ਆਪਣੇ ਸਾਰੇ ਸੰਤਾਂ ਨਾਲ ਹਰਮਗਿੱਦੋਨ ਵਿਖੇ ਦੁਸ਼ਮਣ ਅਤੇ ਉਸਦੇ ਆਦਮੀਆਂ ਨਾਲ ਲੜੇਗਾ। ਯਹੂਦਾਹ ਅਤੇ ਇਸਰਾਏਲ ਦੇ ਲੋਕ ਯਿਸੂ ਦਾ ਸਮਰਥਨ ਕਰਨਗੇ (ਜ਼ਕਰਯਾਹ 9:13)। ਇਹ ਇੱਕ ਦਿਨ ਦੀ ਜੰਗ ਹੋ ਸਕਦੀ ਹੈ! ਦੁਸ਼ਮਣ ਅਤੇ ਝੂਠੇ ਨਬੀ ਨੂੰ ਯੁੱਧ ਵਿੱਚ ਹਰਾਇਆ ਅਤੇ ਫੜਿਆ ਜਾਵੇਗਾ ਅਤੇ ਉਹਨਾਂ ਨੂੰ ਨਰਕ ਦੀ ਅੱਗ ਵਿੱਚ ਸੁੱਟ ਦਿੱਤਾ ਜਾਵੇਗਾ। ਸ਼ੈਤਾਨ ਨੂੰ ਵੀ ਫੜਿਆ ਜਾਵੇਗਾ ਅਤੇ ਹਜ਼ਾਰ ਵਰ੍ਹਿਆਂ ਲਈ ਅਥਾਹ ਕੁੰਡ ਵਿੱਚ ਬੰਦ ਕੀਤਾ ਜਾਵੇਗਾ! (ਪਰਕਾਸ਼ ਦੀ ਪੋਥੀ 20:1, 2)।

***********

RNI NO. TNPUN/2000/1914, Postal Regn. No. TN/CH/(C)/192/21-23 WPP NO. TN/PMG(CCR)/WPP-263/21-23


## ਇਸ਼ਤਿਹਾਰ

### ਬੁਲਾਵੇ ਦੀ ਗੂੰਜ ਯੂ-ਟਿਊਬ

ਜਦੋਂ ਵੀ ਤੁਹਾਡੇ ਕੋਲ ਸਮਾਂ ਹੋਵੇ ਕਿਰਪਾ ਕਰਕੇ ਸਾਡੇ ਯੂ-ਟਿਊਬ ਚੈਨਲ ਨੂੰ ਵੇਖੋ ਅਰ ਸਬਸਕ੍ਰਾਈਬ ਕਰੋ। ਧੰਨਵਾਦ

– ਸੰਪਾਦਕ


## OUR BANK DETAILS:

### *1. Bank : State Bank of India*

Branch : **Triplicane, Chennai-5**
Name : **S. Sam Selva Raj**
A/C No. : **1023 2934 679**
IFSC : **SBIN 00 00 249**
SWIFT CODE : **SBI NIN BB 455**

### *2. Bank : ICICI Bank*

Branch : **Anna Salai, Chennai-6**
Name : **Echo of His Call**
A/C No. : **6038 0502 2319**
IFSC : **ICIC 000 6038**

### *3. Bank : State Bank of India*

**(This Account is for Tax Exemption for Indians only )**

Branch : **Triplicane, Chennai-5**
Name : **Echo of His Call Educational Trust**
A/C No. : **1023 2923 805**
IFSC : **SBIN 00 00 249**

**Google Pay: 98410 71858**
**PayPal : SAM SELVA RAJ**
*****
**E.mail : sam@echoofhiscall.org**

# ਬੁਲਾਵੇ ਦੀ ਗੂੰਜ

16 ਭਾਸ਼ਾਵਾਂ ਵਿੱਚ ਮਹੀਨੇਵਾਰ ਪੱਤ੍ਰਿਕਾ, ਬਾਈਬਲ ਕਾਲਜ, ਪੱਤਰ ਵਿਹਾਰ ਕੋਰਸ, ਚਰਚ ਸਥਾਪਨਾ, ਪੇਂਡੂ ਅੰਗਰੇਜ਼ੀ ਹਾਈ ਸਕੂਲ, ਗੌਸਪਲ ਪ੍ਰਿੰਟਿੰਗ ਪ੍ਰੈੱਸ, ਕਰੁਸੇਡ, ਸੈਮੀਨਾਰ, ਸਮਾਜਿਕ ਸੇਵਾਵਾਂ ਆਦਿ।

ਸਲਾਨਾ ਚੰਦਾ 100/- ਰੁ:    ਜੀਵਨ ਭਰ ਲਈ ਚੰਦਾ: 2000/- ਰੁ:

ਬੁਲਾਵੇ ਦੀ ਗੂੰਜ ਸੇਵਕਾਈ ਦੀਆਂ ਬਹੁਭਾਂਤੀ ਗਤੀਵਿਧੀਆਂ ਤੁਹਾਡੇ ਵਰਗੇ ਹੀ ਪ੍ਰਮੇਸ਼ਵਰ ਦੇ ਬੱਚਿਆਂ ਦੀਆਂ ਸਵੈ-ਇੱਛਤ ਭੇਟਾਂ ਅਤੇ ਦਾਨਾਂ ਦੁਆਰਾ ਚਲਾਈਆਂ ਜਾਂਦੀਆਂ ਹਨ। ਜਿਵੇਂ ਪ੍ਰਮੇਸ਼ਵਰ ਤੁਹਾਡੀ ਅਗਵਾਈ ਕਰਦਾ ਹੈ ਤੁਸੀਂ ਬੁਲਾਵੇ ਦੀ ਗੂੰਜ ਅਤੇ ਇਸਦੀਆਂ ਸੇਵਕਾਈਆਂ ਦੀ ਸਹਾਇਤਾ ਕਰ ਸਕਦੇ ਹੋ। ਸੁਸਮਾਚਾਰ ਨੂੰ ਅਪਹੁੰਚ ਇਲਾਕਿਆਂ ਤੱਕ ਪੁਚਾਉਣ ਅਤੇ ਕਲੀਸੀਆਵਾਂ ਦੀ ਸਥਾਪਨਾ ਕਰਨ ਲਈ ਸਾਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ।

ਜੇਕਰ ਤੁਸੀਂ ਲਗਾਤਾਰ ਬੁਲਾਵੇ ਦੀ ਗੂੰਜ ਪੱਤ੍ਰਿਕਾ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਨੂੰ ਲਿਖੋ। ਜਦੋਂ ਕਦੇ ਵੀ ਤੁਸੀਂ ਆਪਣਾ ਡਾਕ ਪਤਾ ਜਾਂ ਈਮੇਲ ਪਤਾ ਬਦਲੋ ਤਾਂ ਕਿਰਪਾ ਕਰਕੇ ਸਾਨੂੰ ਆਪਣੇ ਪੁਰਾਣੇ ਅਤੇ ਨਵੇਂ ਪਤੇ ਦੀ ਜਾਣਕਾਰੀ ਜ਼ਰੂਰ ਦਿਓ।

16 ਭਾਸ਼ਾਵਾਂ ਵਿੱਚ ਬੁਲਾਵੇ ਦੀ ਗੂੰਜ ਸਾਡੀ ਵੈੱਬਸਾਈਟ ਤੇ ਵੀ ਉਪਲੱਬਧ ਹੈ। ਤੁਸੀਂ ਇਸਨੂੰ ਵੈੱਬਸਾਈਟ ਤੇ ਜਾ ਕੇ ਵੀ ਪੜ੍ਹ ਸਕਦੇ ਹੋ ਅਤੇ ਇਸਨੂੰ ਡਾਊਨਲੋਡ ਕਰਕੇ ਵੀ ਬਰਕਤ ਪਾ ਸਕਦੇ ਹੋ।

ਬੁਲਾਵੇ ਦੀ ਗੂੰਜ ਲਈ ਤੁਹਾਡੀਆਂ ਚਿੱਠੀਆਂ, ਪ੍ਰਾਰਥਨਾ ਬੇਨਤੀਆਂ ਅਤੇ ਆਰਥਿਕ ਸਹਾਇਤਾ ਡਿਮਾਂਡ ਡ੍ਰਾਫਟ, ਚੈੱਕ, ਮਨੀ ਆਡਰ, **NEFT, PayPal (Sam Selva Raj, sam@echoofhiscall.org) PhonePe (98410 71858), Gpay (98410 71858), Western Union, MoneyGram, etc.)** ਆਦਿ ਰਾਹੀ ਤੁਸੀਂ ਹੇਠ ਲਿਖੇ ਪਤੇ ਤੇ ਭੇਜ ਸਕਦੇ ਹੋ।

ਕਿਰਪਾ ਕਰਕੇ ਅੱਪਡੇਟ ਲਈ ਤੁਹਾਡੇ ਫ਼ੋਨ ਨੰ:/ ਮੋਬਾਇਲ ਨੰ: ਅਤੇ ਈਮੇਲ ਪਤੇ ਸਾਨੂੰ ਭੇਜੋ।


Our address :

**ECHO OF HIS CALL**

10, MOHAMMED ABDULLAH 2ND STREET, CHEPAUK, CHENNAI - 600 005, INDIA
PH: (+91-44) 2852 8282, 2852 9293, 2854 7766/ Cell: (+91) 98410 71852, 95661 31858 / E.mails: sam@echoofhiscall.org / biblecor@yahoo.co.in
Websites: www.echoofhiscall.org / www.stpaulsmatriculation.com


**YOU CAN SEND YOUR DONATION ONLINE ALSO**


RNI NO. 2000/1914
Postal Regn. No. TN/CH/(C)/192/21-23
WPP NO. TN/PMG(CCR) / WPP- 263/21-23
Date of Publication: Third week of every month
Date of Posting : 19th & 20th of every month
Posted at "Egmore RMS / 1 Patrika Channel"
on 20th MAY, 2022
If un-delivered please return to:
**ECHO OF HIS CALL (PUNJABI)**
P.O. Box No. 2957,
Chepauk, Chennai - 600 005, INDIA.
Phone: (+ 91- 44) 2852 8282, 2852 9293, 2854 7766


***JESUS LOVES YOU!***

**To**

*GOD BLESS YOU!*

Owned and published by **S. Sam Selva Raj** from New No. 8 & 10, Old No. 18 & 19, Mohammed Abdullah 2nd Street, Chepauk, Chennai-600 005 and printed by him at **Echo of His Call Printers**, New No. 8 & 10, Old No. 18 & 19, Mohammed Abdullah 2nd Street, Chepauk, Chennai-600 005. Editor: **S. Sam Selva Raj.**